ਜੂਨ 2010

# ਅੰਮ੍ਰਿਤ ਕੀਰਤਨ



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਪ੍ਰੀਤਮ ਕਿਵੇਂ ਰਿਝਾਵਾਂ?

ਮੈਂ ਭੁੱਲੀ ਮੈਂ ਭਟਕ ਰਹੀ ਹਾਂ
ਦਸੋ ਪ੍ਰੀਤਮ ਦਾ ਦਰ ਕਿਹੜਾ

ਜਿਸ ਗੱਲੋਂ ਹਾਏ ਪ੍ਰੀਤਮ ਰੀਝੇ,
ਵੇਸ ਬਣਾਈ ਤਿਹੜਾ।

ਹੋਇ ਨਿਮਾਣੀ ਆਤੁਰ ਖੜੀਆਂ,
ਕਿਹੜਾ ਗਲੋਂ ਕਬੂਲੇ।

ਗਦ-ਗਦ ਹੋਵਾਂ ਦਰਸ਼ਨ ਪਾ ਕੇ
ਮੰਨ ਵਿਚ ਆਵੇ ਖੇੜਾ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ
- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਮਿਤ੍ਰ ਅਸਾਡੜੇ ਸੇਈ — 4

ਕਰਉ ਬੇਨੰਤੀਆ - ਸੰਪਾਦਕੀ — 5

" ਭਾਰਤੀ ਸੰਗੀਤ, ਸਾਹਿਤ ਅਤੇ ਅਧਿਆਤਮਿਕਤਾ ਦਾ ਪੁਰਾਤਨ ਸੋਮਾ ਵੈਦਿਕ ਸੰਸਕ੍ਰਿਤੀ" — 6
ਪ੍ਰੋ: ਗੁਰਪਿੰਦਰ ਸਿੰਘ

ਸਾਡੇ ਕੀਰਤਨੀਏ ਭਾਈ ਹਰਭਜਨ ਸਿੰਘ ਜੀ
ਗੁਰਜੰਤ ਸਿੰਘ ਰਾਹੀ — 10

ਰਾਗ ਸਾਰੰਗ ਦਾ ਇਤਿਹਾਸਿਕ ਵਿਵੇਚਨ
ਡਾ. ਰਾਜੇਸ਼ ਸ਼ਰਮਾ — 11

ਗੁਰੂ ਕਾ ਸਬਦ ਰਤਨ ਹੈ
ਕਰਮ ਸਿੰਘ ਰਤਨ — 16

ਸਵਰ ਮੰਡਲ: ਇੱਕ ਝਾਤ
ਰਿਸ਼ਪਾਲ ਸਿੰਘ — 20

ਹੱਡਬੀਤੀ — 22

**Passion in Love**
Sumeet Kaur — **23**

ਸੁਰ ਲਿਪੀ - ਰਾਗ ਕਲਿਆਣ ਭੋਪਾਲੀ
ਡਾ. ਗੁਰਨਾਮ ਸਿੰਘ — 24


**Please forward your e-mail id at drjagirsingh@gmail.com**

# ✉ ਮਿਤ੍ਰ ਅਸਾਡੜੇ ਸੇਈ

We all pray for your long life & good health so that you may continue to serve the Guru ghar & to continue to recite the Shabad Kirtan for long years. It is realy nice that you will now be able to devote whole time to this noble cause - and sadsangat will be able to benefit from it through you personally, through your CDs and the Magazine Amritkirtan as well as the website http://amritkirtan.com/ - (which has come up very
With best wishes & regards,
Yours sincerely,
Harchandan Singh & family

harchandan_chd32@yahoo.co.in

I am extremely happy to come across your website.I have listened to your ras-bhinna kirtan once or twice in sangat and I feel blessed.Thanks for making available some shabads by Bhai Surjan Singh ji. His voice has a peculiar yearning or tarhap for Almighty. You have mentioned that some people criticize him for not starting from the rahau [pause] tuk. In this connection I may state that the shabad “kya jana kya hoega ri maayi” sung by him begins from the rahau tuk and not from “ek na bharia…”However I notice that he prefixes ‘mera’ before sahu jage haiu nis’. I wonder if it is correct to do so or the raagis have a licence or traditional practice to do such like things.I am trying to learn typing in Pbi.
Regards
Guninder Singh
453 Sector 44-A, Chandigarh
9316133577 ginichd@yahoo.com

It was a great pleasure to visit the website. I entered at 1000 hrs today and am still enjoying it, well after 3 hours.
I shall be visiting the site again for making ON LINE payment of subscription for AMRIT Kirtan.
Regards
Inderjit Singh Gill

isgill@rediffmail.com

It is indeed very nice of Bro Kulwant Singh to connect us after many years! I have fond memories of our past association...some fiend's here - we sometimes remember those times. I saw your website - very professional and good contact - I will make use of the great kirtan you have there. I trust you family is doing well. Let us hope we meet soon sometime.Keep up the good work.
Regards
Arjit 'Artie' Mahal
Tel US +1 7327717265 Call

asm.mahal@gmail.com

## ਕਰਉ ਬੇਨੰਤੀਆ

# ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲੇ

ਬਾਬਾ ਇਕਬਾਲ ਸਿੰਘ ਜੀ ਨਾਲ ਮੇਰਾ ਪਹਿਲਾ ਮੇਲ ਮੇਰੇ ਮਿਹਰਬਾਨ ਮਿਤਰ ਡਾ. ਹਰਪਾਲ ਸਿੰਘ ਹੋਰਾਂ ਦੇ ਘਰ ਹੋਇਆ। ਡਾ. ਹਰਪਾਲ ਸਿੰਘ ਉੱਘੇ ਸਾਇੰਸਦਾਨ ਅਤੇ ਸਿੱਖ ਹਿਤਾਂ ਪ੍ਰਤੀ ਅਤਿ ਸੰਵੇਦਨਸ਼ੀਲ ਵਿਅਕਤੀ ਹਨ। ਉਦੋਂ ਬੜੂ ਸਾਹਿਬ ਵਾਲੀ ਅਕੈਡਮੀ ਅਜੇ ਨਿਰਮਾਣ ਪੱਧਰ ਤੇ ਸੀ। ਜਦੋਂ ਮੈਂ ਹਰਪਾਲ ਸਿੰਘ ਹੋਰਾਂ ਦੇ ਘਰ ਪੁੱਜਾ ਤਾਂ ਬਾਬਾ ਇੱਕਬਾਲ ਸਿੰਘ ਜੀ ਹਰਪਾਲ ਸਿੰਘ ਦੀ ਪੁੱਤਰੀ ਜੋ ਹੁਣ ਡਾਕਟਰ ਹੈ, ਨੂੰ ਸਿਮਰਨ ਦੀਆਂ ਰਮਜ਼ਾਂ ਸਮਝਾ ਰਹੇ ਸਨ। ਉਸ ਤੋਂ ਬਾਅਦ ਮੈਨੂੰ ਬੜੂ ਸਾਹਿਬ ਦੀ ਯਾਤਰਾ ਲਈ ਅਨੇਕਾਂ ਸੱਦੇ ਪ੍ਰਾਪਤ ਹੋਏ ਪਰ ਮੈਂ ਆਪਣੀਆਂ ਕਮਜ਼ੋਰੀਆਂ ਅਤੇ ਮਜਬੂਰੀਆਂ ਉਥੇ ਅਜੇ ਤਕ ਵੀ ਨਹੀਂ ਜਾ ਸਕਿਆ।

ਫਿਰ ਬਾਬਾ ਇਕਬਾਲ ਸਿੰਘ ਜੀ ਦਾ ਸੁਪਨਾਂ ਲੈ ਕੇ ਮੇਰੇ ਕੋਲ ਸ੍ਰ. ਹਰਕਿਸ਼ਨ ਸਿੰਘ ਧੁਪੀਆ ਜੀ ਆਏ। ਉਹ ਗੁਰਮਤਿ ਸੰਗੀਤ ਦੇ ਪੁਰਾਤਨ ਕੀਰਤਨੀਆਂ ਦੇ ਕੀਰਤਨ ਦੀ ਸੰਭਾਲ ਕਰਨਾ ਚਾਹੁੰਦੇ ਸਨ, ਤਾਂ ਜੋ ਅਜੋਕੀਆਂ ਸਿੱਖ ਸੰਗਤਾਂ ਵਿੱਚ ਉਸ ਟਕਸਾਲੀ ਕੀਰਤਨ ਸ਼ੈਲੀ ਦਾ ਪ੍ਰਚਾਰ ਕੀਤਾ ਜਾ ਸਕੇ। ਸ੍ਰ. ਹਰਕਿਸ਼ਨ ਸਿੰਘ ਜੀ ਨੇ ਬਾਬਾ ਜੀ ਦੀ ਪ੍ਰੇਰਨਾ ਸਦਕਾ ਬਹੁਤ ਮਿਹਨਤ ਕਰਕੇ ਪੁਰਾਤਨ ਕੀਰਤਨੀਆਂ ਦੀਆਂ ਕਈ ਸੀ. ਡੀਜ਼. ਤਿਆਰ ਕੀਤੀਆਂ। ਉਹਨਾਂ ਦੀ ਤਿਆਰੀ ਵਿੱਚ ਧੁਪੀਆ ਸਾਹਿਬ ਨੇ ਮੇਰੇ ਤੋਂ ਵੀ ਕੰਮ ਲਿਆ। ਇੱਕਤੀ ਰਾਗਾਂ ਦੇ ਸਰੂਪਾਂ ਦੇ ਗਾਇਨ ਦੀ ਵੀ ਇੱਕ ਸੀ. ਡੀ. ਤਿਆਰ ਕੀਤੀ। ਇਹ ਰਿਕਾਰਡਿੰਗ ਹੁਣ ਸਾਡੀ ਵੈਬ ਸਾਈਟ-www.amritkirtan.com ਤੇ ਉਪਲਬਧ ਹੈ।

ਬਾਬਾ ਇਕਬਾਲ ਸਿੰਘ ਜੀ ਅਤੇ ਉਹਨਾਂ ਦੇ ਸਹਿਯੋਗੀਆਂ ਨੂੰ ਪੰਜਾਬ ਦੀ ਸਿੱਖਿਆ ਸਥਿਤੀ ਨਾਲ ਬੇਹੱਦ ਲਗਾਓ ਹੈ। ਉੱਚ ਪਧਰ ਦੀ ਕਾਰੋਬਾਰੀ ਸਿੱਖਿਆ ਦੇਣ ਦੇ ਨਾਲ ਨਾਲ ਉਹ ਬੱਚੇ ਦੀ ਸ਼ਖਸੀਅਤ ਦੀ ਉਸਾਰੀ ਤੇ ਵੀ ਵਿਸ਼ੇਸ਼ ਬਲ ਦਿੰਦੇ ਹਨ। ਪੰਜਾਬ ਵਿੱਚ ਖੋਹਲੀਆਂ ਜਾ ਰਹੀਆਂ ਅਕਾਲ ਅਕੈਡਮੀਆਂ ਰਾਹੀਂ ਹੁਣ ਵਿੱਚ ਵਿਦਿਅਕ ਇਨਕਲਾਬ ਆਉਣ ਦੀ ਸੰਭਾਵਨਾ ਬਣ ਰਹੀ ਹੈ।

ਅਜੋਕੇ ਇਲੈਕਟ੍ਰਾਨਿਕ ਮਾਧਿਅਮਾਂ ਦਾ ਪੂਰਾ ਲਾਭ ਲੈਂਦਿਆਂ ਮਿਆਰੀ ਸਿੱਖਿਆ ਅਤੇ ਗੁਰਮਤਿ ਸੰਗੀਤ ਦੇ ਮਿਆਰੀ ਸਰੂਪ ਨੂੰ ਸੰਭਾਲਣ ਦਾ ਜਤਨ ਵੀ ਬਾਬਾ ਜੀ ਅਤੇ ਉਹਨਾਂ ਦੇ ਸਹਿਯੋਗਾਂ ਵੱਲੋਂ ਕੀਤਾ ਜਾ ਰਿਹਾ ਹੈ। ਇੱਕ ਨਿਵੇਕਲਾ ਜਤਨ ਗੁਰੂਗ੍ਰੰਥ ਸਾਹਿਬ ਦੀ ਬਾਣੀ ਦਾ ਰਾਗਾਂ ਵਿੱਚ ਗਾਇਨ ਰੂਪ ਵਿੱਚ ਪਾਠ ਕਰਨਾ ਹੈ। ਇਸ ਨਾਲ ਸਰੋਤਿਆਂ ਨੂੰ ਜਿਥੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਠੀਕ ਉਚਾਰਨ ਦੀ ਸੋਝੀ ਆਵੇਗੀ ਉਥੇ ਉਹਨਾਂ ਦੇ ਕੰਨ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਾਂ ਦੀਆਂ ਸੁਰਾਵਲੀਆਂ ਨੂੰ ਸੁਣਨ ਦੇ ਆਦੀ ਹੋਣਗੇ। ਇਸ ਨਾਲ ਅੱਜ ਕਲ੍ਹ ਪ੍ਰਚਲਤ ਹੋ ਰਹੇ ਕੀਰਤਨ ਦੀ ਗੈਰ ਮਿਆਰੀ ਸ਼ੈਲੀ ਨੂੰ ਠੱਲ੍ਹ ਪੈਣ ਦੀ ਸੰਭਾਵਨਾ ਹੈ। ਬਾਬਾ ਜੀ ਦੇ ਇਸ ਜਤਨ ਦੀ ਜਿਤਨੀ ਵੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ। ਆਸ ਹੈ ਆਉਣ ਵਾਲੇ ਸਮੇਂ ਵਿੱਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਵਿੱਚ ਬਾਣੀ ਦੇ ਪਾਠ ਦੇ ਨਾਲ ਇਸ ਦੇ ਗਾਇਨ ਸਰੂਪ ਜਿਸ ਵਿੱਚ ਰਹਾਉ, ਅੰਕ, ਧੁਨੀ ਅਤੇ ਗਾਇਨ ਸੰਬੰਧੀ ਹੋਰ ਦਿਸ਼ਾ ਨੂੰ ਧਿਆਨ ਰੱਖਦਿਆਂ ਬਾਣੀ ਦਾ ਗਾਇਨ ਕਰਨ ਦਾ ਜਤਨ ਕੀਤਾ ਜਾਵੇਗਾ। ਮੈਂ ਬਾਬਾ ਜੀ ਦੇ ਇਸ ਜਤਨ ਦੀ ਵਧਾਈ ਦਿੰਦਿਆਂ ਧੰਨਵਾਦ ਵੀ ਕਰਦਾ ਹਾਂ।

# " ਭਾਰਤੀ ਸੰਗੀਤ, ਸਾਹਿਤ ਅਤੇ ਅਧਿਆਤਮਿਕਤਾ ਦਾ ਪੁਰਾਤਨ ਸੋਮਾ ਵੈਦਿਕ ਸੰਸਕ੍ਰਿਤੀ"

**Prof. Gurpinder Singh**

ਭਾਰਤੀ ਸਭਿਅਤਾ, ਸੰਸਕ੍ਰਿਤੀ ਸ਼ੁਰੂ ਤੋਂ ਹੀ ਪ੍ਰਮਾਤਮਾ ਨੂੰ ਇਕ ਸ਼ਕਤੀ ਦੇ ਰੂਪ ਵਿੱਚ ਸ਼ਰਧਾ ਨਾਲ ਪੂਜਦੀ ਰਹੀ ਹੈ। ਇਸ ਈਸ਼ਵਰੀ ਸ਼ਕਤੀ ਵਿੱਚ ਅਥਾਹ ਸ਼ਰਧਾ ਨੇ ਇਸ ਸੰਸਕ੍ਰਿਤੀ ਵਿੱਚ ਅਧਿਆਤਮਿਕ ਵਿਚਾਰਾਂ ਦਾ ਹੜ ਲੈ ਆਂਦਾ ਇਹਨਾਂ ਅਧਿਆਤਮਿਕ ਵਿਚਾਰਾਂ ਦੇ ਵਖਰੇਵੇਂ ਨੇ ਅਲੱਗ-ਅਲੱਗ ਧਰਮਾਂ ਨੂੰ ਜਨਮ ਦਿਤਾ ਪਰ ਇਹ ਵੈਦਿਕ ਸੰਸਕ੍ਰਿਤੀ ਦੇ ਪ੍ਰਭਾਵ ਹੇਠ ਹੀ ਵਿਕਾਸ਼ਸ਼ੀਲ ਰਿਹਾ ਕਿਉਂ ਕਿ ਸਾਰੇ ਧਾਰਮਿਕ ਵਿਚਾਰਾਂ ਨੂੰ ਵੈਦਿਕ ਸੰਸਕ੍ਰਿਤੀ ਦੇ ਸਮਾਜਿਕ ਗੁਣਾਂ ਦੇ ਅਧਾਰ 'ਤੇ ਅਪਨਾਇਆ ਗਿਆ ਅਤੇ ਇਹਨਾਂ ਅਧਿਆਤਮਿਕ ਵਿਚਾਰਾਂ ਨੂੰ ਆਮ ਲੋਕਾਂ ਤੱਕ ਪਹੁਚਾਉਣ ਅਤੇ ਆਉਣ ਵਾਲੇ ਸਮੇਂ ਤੱਕ ਬਚਾਉਣ ਲਈ ਸਮੇਂ-ਸਮੇਂ ਦੋ ਕਲਾਵਾਂ ਸੰਗੀਤ ਅਤੇ ਸਾਹਿਤ ਇਕ ਸਾਂਝੇ ਸੁਮੇਲ ਦੇ ਰੂਪ ਵਿੱਚ ਵਿਚਰੀਆਂ, ਜਿਸ ਕਰਕੇ ਸੰਗੀਤ ਸਾਹਿਤ ਅਤੇ ਅਧਿਆਤਮਿਕਤਾ ਦੁੱਧ ਵਿੱਚ ਪਾਣੀ ਵਾਂਗ ਰਚੇ-ਮਿਚੇ ਰਹੇ ਹਨ। "ਭਾਰਤੀ ਸੰਸਕ੍ਰਿਤੀ ਕੀ ਜੋ ਪਰੰਪਰਾ ਸਦੀਓ ਸੇ ਚਲੀ ਆ ਰਹੀ ਥੀ ਉਸਕੇ ਅਨੁਸਾਰ ਹੀ ਸਮਸਤ ਕਲਾਏਂ ਪਲਵਿਤ ਹੁਈ। ਇਸ ਕੀ ਚਿੰਤਨ ਧਾਰਾ ਅਧਿਆਤਮਿਕਵਾਦ ਪਰ ਆਧਾਰਿਤ ਰਹੀ"(1)

ਕੁਦਰਤੀ ਆਫਤਾਂ ਤੋਂ ਡਰ ਕੇ ਮਨੁੱਖ ਨੇ ਵਿਸ਼ਵਾਸ ਦਾ ਸਹਾਰਾ ਲਿਆ ਅਤੇ ਇਸ ਵਿਸਵਾਸ਼ ਨੂੰ ਈਸ਼ਵਰ ਦਾ ਨਾਮ ਦਿੱਤਾ ਅਤੇ ਆਪਣੇ ਭਾਵਾਂ ਦੇ ਪ੍ਰਗਟਾਵੇ ਲਈ ਨਾਦ ਬ੍ਰਹਮ ਦਾ ਸਹਾਰਾ ਇਸ ਬ੍ਰਹਿਮੰਡ ਵਿੱਚੋ ਲਿਆ ਤੇ ਨਾਦ ਤੋਂ ਵਰੁਣ ਵਰੁਣ ਤੋਂ ਸ਼ਬਦ, ਸ਼ਬਦ ਤੋਂ ਵਾਕ ਅਤੇ ਵਾਕ ਤੋਂ ਭਾਸ਼ਾ ਹੋਂਦ ਵਿੱਚ ਆਈ।

"ਨਾਦੇਨ ਵਿਅੰਜ ਤੇ ਵਰਣ: ਪਦ ਵਰਣਾਤ ਪਦਾਂਦਚ:
ਵਚਸੇ ਵਿਵਹਾਰੋਂਜਿਯ ਨਾਦਾਧਿਨ ਮਤੋ ਜਗਤੁ ॥ "(2)

ਭਾਸ਼ਾ, ਸਹਿਤ ਰਾਹੀਂ ਹੀ ਪੂਰੇ ਸੰਸਾਰ ਦੀ ਮਾਨਵ-ਜਾਤੀ ਨੇ ਆਪਣੀਆਂ ਰੋਜਾਨਾ ਦੀਆਂ ਗਤੀਵਿਧੀਆਂ ਵਿੱਚ ਵਿਵਹਾਰ ਕਰਨਾ ਸ਼ੁਰੂ ਕੀਤਾ ਅਤੇ ਅੱਜ ਤੱਕ ਚੱਲ ਰਿਹਾ ਹੈ। ਇਹਨਾਂ ਸਾਰੀਆਂ ਗਤੀ-ਵਿਧੀਆਂ ਵਿੱਚ ਆਉਣ ਵਾਲੀਆਂ ਭਾਸ਼ਾਵਾਂ ਨੂੰ ਸੰਗੀਤ ਰਾਹੀਂ ਪ੍ਰਗਟਾਇਆ ਗਿਆ, ਜਿਸ ਵਿੱਚ ਸੰਗੀਤ ਨੂੰ ਪ੍ਰਮਾਤਮਾ ਅੱਗੇ ਬੇਨਤੀ ਕਰਨ ਲਈ ਸਭ ਤੋਂ ਵਧੀਆ ਸਾਧਨ ਮੰਨਿਆ ਗਿਆ। ਇਸ ਸੰਗੀਤ ਅਤੇ ਸਾਹਿਤ ਦੀ ਮੁਢਲੀ ਇਕਾਈ ਨਾਦ ਹੀ ਹੈ- ਨਾਦ ਦੀ ਪਰਿਭਾਸ਼ਾ "ਮਤੰਗ ਜੀ" ਨੇ ਆਪਣੇ ਗ੍ਰੰਥ (ਬ੍ਰੈਹਦੇਸ਼ੀ) ਵਿੱਚ ਦਿੱਤੀ ਹੈ।

"ਨਾ ਨਾਦੇਨ ਬਿਨਾਂ ਗੀਤ ਨਾ ਨਾਦੇਨ ਬਿਨਾਂ ਸਵਰ
ਨਾ ਨਾਦੇਨ ਬਿਨਾ ਗਿਆਨ, ਨਾ ਨਾਦੇਨ ਬਿਨਾਂ ਸ਼ਿਵ:

ਇਸ ਪ੍ਰਕਾਰ ਈਸ਼ਵਰ ਦੀ ਭਗਤੀ ਅਤੇ ਵਿਸ਼ਵਾਸ ਰਾਹੀਂ ਈਸ਼ਵਰ ਦੀ ਪ੍ਰਾਪਤੀ ਹੀ ਅਧਿਆਤਮਿਕ ਪੱਖ ਦਾ ਰੂਪ ਧਾਰ ਸਕੀ।

ਮਨੁੱਖ ਨੇ ਇਸ ਸਮਾਜ ਵਿੱਚੋਂ ਹੀ ਨਾਦ ਤੋਂ ਸੰਗੀਤ ਭਾਸ਼ਾ ਗਿਆਨ ਨਿਰਵਾਣ ਸਾਹਿਤ ਦਾ ਭੰਡਾਰ, ਵਿਚਾਰਧਾਰਾਵਾਂ, ਧਾਰਮਿਕ ਗ੍ਰੰਥ, ਅਤੇ ਅਧਿਆਤਮਿਕਤਾ ਦੇ ਸਰੋਤ ਸਾਡੇ ਸਾਹਮਣੇ ਸੰਸਕ੍ਰਿਤੀ ਰਾਹੀਂ ਜਨਮ, ਪ੍ਰਾਪਤ ਹੋਏ ਅਤੇ ਲਗਾਤਾਰ ਇਸ ਵਿੱਚ ਪੁਰਾਤਨ ਸਮੇਂ ਤੋਂ ਅੱਜ ਤੱਕ ਇਕ ਧਾਰਾ ਦੀ ਤਰਾਂ ਬਹਿ ਰਹੇ ਹਨ। "ਸੰਸਕ੍ਰਿਤੀ ਕੇ ਮੂਲਿਓਂ ਕੀ ਪ੍ਰਗਤੀ ਹੇਤੂ ਮਨੁਸ਼ਯ ਕੇ ਅਧਿਭੋਤਿਕ ਅਧਿਯੈਵਿਕ ਏਵਮ ਅਧਿਆਤਮਿਕ ਉਨਤੀ ਕੇ ਉਪਕਰਨੋਂ ਕੋ ਵਿਕਾਸ ਔਰ ਉਨਕਾ ਪਰਚਾਰ ਪਰਸਾਰ ਹੀ ਸੰਸਕ੍ਰਿਤਿਕ ਪ੍ਰਗਤੀ ਕਹਿਲਾਤਾ ਹੈ"(3) । ਇਸ ਪ੍ਰਕਾਰ ਸਾਡੀ ਪੁਰਾਤਨ ਸੰਸਕ੍ਰਿਤੀ ਵਿੱਚੋ ਮਿਲੇ ਸਰੋਤਾਂ ਨੂੰ ਅਸੀਂ ਸੰਗੀਤ ਸਾਹਿਤ ਅਤੇ ਅਧਿਆਤਮਿਕਤਾ ਦਾ ਪੁਰਾਤਨ ਸੋਮਾ ਵੈਦਿਕ ਸੰਸਕ੍ਰਿਤੀ ਕਹਾਂਗੇ। " ਭਾਰਤੀਯ ਕਲਾ ਭਾਰਤ ਕੇ ਵਿਚਾਰ ਧਰਮ ਤਤਵ ਗਿਆਨ ਔਰ ਸੰਸਕ੍ਰਿਤੀ ਵਾ ਦਰਪਣ ਹੈ"(4)

ਭਾਰਤ ਦੀ ਸੰਸਕ੍ਰਿਤੀ ਇਹ ਦਸਦੀ ਹੈ ਕਿ ਸ੍ਰਿਸ਼ਟੀ ਦੀ ਉਤਪਤੀ ਤੋਂ ਲੈ ਕੇ 18ਵੀਂ ਸ਼ਤਾਬਦੀ ਤੱਕ ਸਿਧ ਯੁੱਗ ਸੀ ਅਤੇ ਸਮਾਜ ਰਿਸ਼ੀਆਂ-ਮੁਨੀਆਂ, ਗਿਆਨੀਆਂ ਅਤੇ ਗੁਰੂਆਂ-ਪੀਰਾਂ ਦੇ ਸਿਧਾਤਾਂ ਨੂੰ ਹੀ ਸਵਿਕਾਰ ਕਰਦਾ ਸੀ। "ਹਿੰਦੀ ਸਾਹਿਤਯ ਕੇ ਇਤਿਹਾਸਕਾਰੋਂ ਨੇ ਆਰੀਆ ਸੰਸਕ੍ਰਿਤੀ ਕੇ ਸੰਨ 700 ਈਸਵੀ ਕੇ ਕਾਲ ਕੋ ਆਦਿ ਯੁੱਗ' ਤਥਾ 700 ਸੇ 1300 ਈਸਵੀ ਤਕ ਸਿਧ ਯੁਗ ਮਾਨਾ ਹੈ, ਇਸ ਕਾਲ ਕੇ ਆਚਾਰੀਯੋਂ ਨੇ ਪਰਮਾਤਮਾ ਕੀ ਰਹਸਯਨਭੁਤੀ ਕੀ ਅਭਿਵਿਅਕਤ ਕਲਾਓ ਕੇ ਮਾਧਿਅਮ ਯੋਗ ਕਿਰਿਆਂਓ ਤਥਾ ਧਰਮ ਕੇ ਸੁਹਜਸਵਰੂਪ ਦੁਆਰਾ ਕੀ ਯੇਹੀ ਇਨ ਸਿਧੋਂ ਕਾ ਉਪਦੇਸ਼ਯ ਥਾ"(5) ਆਦਿ ਯੁੱਗ ਤੋਂ ਸਿੱਧ ਯੁੱਗ ਅਤੇ ਅਧੁਨਿਕ ਸਮੇਂ ਤੱਕ ਬਹੁਤ ਸਾਰੇ ਗ੍ਰੰਥ,

ਵੇਦ, ਮਹਾਕਾਵਿ ਲਿਖੇ ਗਏ ਜੋ ਪੂਰੀ ਤਰਾਂ ਸੰਗੀਤ, ਸਾਹਿਤ ਅਤੇ ਅਧਿਆਤਮਿਕਤਾ ਦੇ ਸੁਮੇਲ ਦੀ ਮੂੰਹ ਬੋਲਦੀ ਤਸਵੀਰ ਹਨ। "ਵੇਦ-ਗ੍ਰੰਥੋਂ ਕੇ ਯਦਿ ਸਮਸਤ ਭਾਰਤੀਯ ਗਿਆਨ-ਵਿਗਿਆਨ ਤਥਾ ਕਲਾਓਂ ਕਾ ਮੂਲ ਤਥਾ ਗਿਆਨ ਕਾ ਭੰਡਾਰ ਕਹਾ ਜਾਏ ਤੋ ਅਤਿ ਮਯੋਗਤ ਨਾ ਹੋਗੀ"[6] ਵੈਦਿਕ ਸਭਿਅਤਾ ਵਿੱਚ ਚਾਰ ਵੇਦਾਂ ਵਿੱਚ ਸੰਗੀਤ ਸਾਹਿਤ ਅਤੇ ਅਧਿਆਤਮਿਕਤਾ ਇੱਕੋ ਸੱਚੇ ਵਿੱਚ ਢਲਕੇ ਇੱਕੋ ਰੂਪ ਵਿੱਚ ਨਿਖਰਕੇ ਸਾਹਮਣੇ ਆਏ ਸਨ। "ਸਾਮਵੇਦ ਮੇਂ ਗੰਧਰਵ ਵੇਦ ਕੀ ਉਤਪਤੀ ਹੁਈ ਔਰ ਗੰਧਰਵ ਵੇਦ ਮੇਂ ਸੋਲਾਹ ਹਜਾਰ ਰਾਗ-ਰਾਗਨੀਓਂ ਕਾ ਨਿਰਮਾਣ ਹੁਆ"[7] ਸੋ ਸੰਗੀਤ ਅਤੇ ਸਾਹਿਤ ਦੇ ਮੇਲ ਤੋਂ ਅਧਿਆਤਮਿਕ ਸਾਹਿਤ ਦੀ ਹੋਂਦ ਨਾਲ ਮਾਨਵ ਭਾਵਨਾਵਾਂ ਪਰਮਾਤਮਾ ਦੀ ਪ੍ਰਾਪਤੀ ਲਈ ਇਕ-ਮਿਕ ਰਹੀਆਂ। "ਭਾਰਤੀਯ ਸੰਗੀਤ ਕੇ ਇਤਿਹਾਸ ਕਾ ਅਧਿਐਨ ਕਰਨੇ ਕੇ ਉਪਰੰਤ ਹਮੇ ਗਿਆਤ ਹੋਤਾ ਹੈ ਕਿ ਵੈਦਿਕ ਯੱਗ ਮੇਂ ਵੇਦ ਮੰਤਰੋਂ ਔਰ ਧਾਰਮਿਕ ਗੀਤੋਂ ਕੋ ਨੀਯਮਨਕਿਤ ਵਾਦ ਯੰਤਰੋ ਕੇ ਸਾਥ ਗਾਇਆ ਜਾਤਾ ਥਾ।

1. ਆਦੰਬਰਾ- ਢੋਲ ਕਾ ਹੀ ਏਕ ਰੂਪ
2. ਭੂਮੀ ਦੁਮਦੁਬੀ-ਪ੍ਰਿਥਵੀ ਕੇ ਅੰਦਰ ਖੱਡਾ ਨਿਕਾਲਕਰ ਉਸਕੇ ਉਪਰ ਖਾਲ ਮੜਕਰ ਪੀਟਕਰ ਬਜਾਨੇ ਵਾਲਾ ਢੋਲ।
3. ਦੁਮਦਬੀ-ਸਧਾਰਨ ਢੋਲ
4. ਕਰਕੀ ਵੀਣਾ-ਏਕ ਪ੍ਰਕਾਰ ਕੀ ਬੰਸਰੀ
5. ਵਾਨਾ-ਸੌ ਤਾਰੋਂ ਕੀ ਵੀਣਾ"[8] ਇਹਨਾ ਸੰਗੀਤਕ ਸਾਜਾਂ ਤੋਂ ਇਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਵੈਦਿਕ ਕਾਲ ਵਿੱਚ ਸੰਗੀਤ ਰਾਹੀਂ ਗਾਇਨ ਪ੍ਰਕਾਰ, ਸਾਜਾਂ ਦੀ ਹੋਂਦ ਯੱਗ ਗੀਤੀ-ਗਾਨ ਅਤੇ ਅਨੇਕਾਂ ਧਾਰਮਿਕ ਪ੍ਰੋਗਰਾਮਾਂ ਵਿੱਚ ਵੈਦਿਕ ਸ਼ਲੋਕਾਂ ਦਾ ਗਾਇਨ ਇਸ ਮਿਲੇ-ਜੁਲੇ ਸੰਗੀਤ ਅਤੇ ਸਾਹਿਤ ਵਿੱਚ ਈਸ਼ਵਰ ਦੀ ਭਗਤੀ ਭਾਵ ਦਾ ਹੋਣਾ ਅਧਿਆਤਮਿਕਤਾ ਦਾ ਪ੍ਰਮਾਣ ਹੈ। ਇਸਦਾ ਮਿਲਿਆ-ਜੁਲਿਆ ਰੂਪ ਸਾਨੂੰ ਬ੍ਰਾਹਮਣ ਗ੍ਰੰਥਾਂ ਵਿੱਚ ਮਿਲਦਾ ਹੈ ਹਰ ਇਕ ਵੇਦ ਦੀ ਵਿਆਖਿਆ ਬ੍ਰਾਹਮਣ ਗ੍ਰੰਥ ਦੇ ਨਾਮ ਨਾਲ ਹੋਈ ਹੈ। ਭਾਰਤ ਦਾ ਇਤਿਹਾਸ ਚਾਰ ਵੇਦਾਂ ਵਿੱਚ ਪ੍ਰਾਪਤ ਹੋਇਆ ਹੈ ਜਿਨ੍ਹਾ ਵਿੱਚੋਂ ਸਾਮਵੇਦ ਨੂੰ ਸੰਗੀਤ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਹੈ।

ਉਪਨਿਸ਼ਦ ਵਿੱਚ ਸਾਮਗਾਨ ਦੀ ਭਰਪੂਰ ਪ੍ਰਸੰਸਾ ਪਾਈ ਜਾਂਦੀ ਹੈ। 'ਛੰਦੋ ਗੇਯ ਉਪਨਿਸ਼ਦ' ਵਿੱਚ ਅਧਿਆਤਮਿਕ ਪੱਖ ਦਾ ਉਲੇਖ ਕੀਤਾ ਗਿਆ ਹੈ। ਇਸ ਵਿਧੀ ਦੇ ਅਨੁਸਾਰ ਓਮ ਅੱਖਰ ਅਤੇ (ਸਾਮਵੇਦ) ਦੇ ਦੂਸਰੇ ਭਾਗ ਦਾ ਵੀਣਾ-ਵਾਦਨ ਦੇ ਨਾਲ ਗਾਇਨ ਕਰਦੇ ਹੋਏ ਬ੍ਰਹਮ-ਚਿੰਤਨ ਕਰਨ ਦਾ ਉਪਦੇਸ਼ ਹੈ।

ਭਾਰਤੀ ਸਾਹਿਤ ਵਿੱਚ ਪੌਰਾਣ ਯੁੱਗ ਦਾ ਅਰੰਭ ਇਕ ਨਵੀਂ ਦਿਸ਼ਾ ਦਾ ਸੂਚਕ ਰਿਹਾ ਹੈ। "ਮਾਰਕੰਡਯ ਤਥਾ ਵਾਯੂ ਪਰਾਣੋ ਮੇਂ ਸਵਰੋਂ, ਤੀਨ ਗ੍ਰਾਮੋ, ਮੂਰਛਨਾਓ ਕੇ ਅਤਰਿਕਤ: ਪ੍ਰਣਵ ਪੁਸ਼ਕਰ ਮਿਰਦੰਗ, ਦਦੁਰ-ਵੀਣਾ ਤਥਾ ਦੇਵ-ਦੁਮਦੁਬੀ ਆਦਿ ਮੇਂ ਈਸ਼ਵਰ ਕਾ ਸਾਮੀਪਯ ਪ੍ਰਾਪਤ ਕਰਨੇ ਕੇ ਲਿਏ ਵਾਦ-ਵਾਦਨ ਕੀਏ ਜਾਨੇ ਕਾ ਉਲੇਖ ਪ੍ਰਾਪਤ ਹੋਤਾ ਹੈ।"[9]

ਸਿਖਿਆ ਸ਼ਾਸ਼ਤਰਾਂ ਵਿੱਚੋ ਵੀ ਪਾਣਨੀ ਸਿਕਸ਼ਾ ਇਕ ਵਿਆਕਰਨ ਪ੍ਰਧਾਨ ਗ੍ਰੰਥ ਹੈ। ਗੰਭੀਰ ਸਮੁੰਦਰ ਦੇ ਪ੍ਰਾਪਤ ਸ਼ੰਖ ਅਤੇ ਉਸ ਦੀ ਧੁਨੀ ਪਵਿੱਤਰ ਅਤੇ ਮੰਗਲਮਈ ਮੰਨੀ ਜਾਂਦੀ ਸੀ ਇਸ ਦੇ ਸੰਕੇਤ ਇਸ ਸ਼ਾਸਤਰ ਵਿੱਚ ਹਨ "ਦੀਰਗ ਸਵਾਸ ਸੇ ਲਗਾਤਾਰ ਧਵਨੀ ਮੇਂ ਜਬ ਇਸੇ ਬਜਾਇਆ ਜਾਤਾ ਹੈ ਤੋ ਈਸ਼ਵਰ ਕੇ ਪ੍ਰਤੀ ਕੀ ਜਾਨੇ ਵਾਲੀ ਵੰਦਨਾ ਕੇ ਉਪਰੰਤ ਲਕਸ਼ਯ-ਪ੍ਰਾਪਤੀ ਕੇ ਲੀਏ ਪੂਰਨਤਾ ਸੰਪੂਰਨ ਭਾਵ ਉਤਪੰਨ ਹੋ ਜਾਤਾ ਹੈ।"[10] ਅੱਜ ਵੀ ਗੁਰਦੁਆਰਿਆ, ਮੰਦਿਰਾਂ ਵਿੱਚ ਸ਼ੰਖ ਸੁਨਾਈ ਦਿੰਦੇ ਹਨ। ਵੈਦਿਕ ਸੰਸਕ੍ਰਿਤੀ ਦਾ ਮੁੱਖ ਹਿੱਸਾ ਜੋ ਕਿ ਸੰਪੂਰਣ ਧਰਮਵਾਦ ਤੇ ਅਧਾਰਿਤ ਹੈ, ਜਿਸਦੀ ਸਮਾਜਿਕ ਸਮਰੱਥਾ ਵਿੱਚ ਸੰਗੀਤ, ਸਾਹਿਤ ਸਾਨੂੰ ਵੱਡੇ ਪੈਮਾਨੇ ਵਿੱਚ ਦੇਖਣ ਨੂੰ ਮਿਲਿਆ ਹੈ।

ਉਸ ਵਿੱਚ ਮਹਾਂਕਾਵਿ:- ਰਮਾਇਣ ਅਤੇ ਮਹਾਭਾਰਤ ਵੀ ਆਉਂਦੇ ਹਨ। "ਰਾਮ ਕੇ ਜਨਮ ਤਥਾਂ ਵਿਵਾਹ ਕੇ ਸ਼ੁੱਭ ਅਵਸਰ ਪਰ ਦੇਵ-ਦੁਮਦੁਬੀਆਂ ਬਜਨੇ ਲਗੀ ਥੀ। ਤਥਾ ਗੰਧਰਵੋਂ ਏਵਮ ਅਪਸਰਾਓਂ ਕਾ ਕ੍ਰਮਸ਼ਾ ਗਾਇਨ ਤਥਾ ਨ੍ਰਿਤਯ ਭੀ ਹੁਆ ਥਾ।"[11] ਮਹਾਭਾਰਤ ਸੰਸਕ੍ਰਿਤੀ ਦੇ ਦਰਸ਼ਨ ਲਈ ਇੱਕ ਵਿਸ਼ਾਲ ਸੋਮਾ ਹੈ। ਇਸ ਕਾਲ ਵਿੱਚ ਸ਼੍ਰੀ ਕ੍ਰਿਸ਼ਨ ਜੀ ਦੇ ਹਥ ਵਿੱਚ ਬੰਸਰੀ ਦਾ ਹੋਣਾ ਸੰਗੀਤ, ਧਰਮ ਅਤੇ ਸਮਾਜਿਕ ਭਾਵਨਾਵਾਂ ਦਾ ਮਿਸ਼ਰਤ ਰੂਪ ਮਿਲਦਾ ਹੈ।

ਭਗਵਾਨ ਮਹਾਤਮਾ ਬੁੱਧ ਨੇ ਈਸ਼ਵਰ ਪ੍ਰਾਪਤੀ ਅਤੇ ਮੋਕਸ਼ ਪ੍ਰਾਪਤ ਕਰਨ ਲਈ ਪ੍ਰਾਚੀਨ ਵੈਦਿਕ ਸੰਸਕ੍ਰਿਤੀ ਵਿੱਚੋ ਮੰਤਰਾਂ ਅਧਿਆਤਮਿਕ ਗੀਤਾਂ ਆਦਿ ਨੂੰ ਆਰਤੀ ਲਈ ਮੰਨਦੇ ਹੋਏ ਸੰਸਕ੍ਰਿਤਿਕ ਭਾਸ਼ਾ ਵਿੱਚ ਪ੍ਰਾਰਥਨਾ ਦੇ ਸਥਾਨ ਤੇ ਦੇਸੀ ਭਾਸ਼ਾਵਾਂ ਵਿੱਚ ਰਚਿਤ ਪ੍ਰਾਰਥਨਾਵਾਂ ਦੇ ਪ੍ਰਯੋਗ ਵਿੱਚ ਜੋਰ ਦਿੱਤਾ "ਭਗਵਾਨ ਬੁੱਧ ਸਵਿਯਮ ਏਕ ਉਤਮ ਸੰਗੀਤਗਿਯ ਥੇ। ਉਨਹੋਨੇ ਏਕ ਸਥਾਨ ਪਰ ਜੋ ਕਹਾ ਹੈ, ਉਸਕਾ ਭਾਵ ਹੈ ਕਿ ਜੀਵਨ ਅਗਨ ਕੇ ਉਸ ਸੁਫਲਿੰਗ ਕੀ ਭਾਂਤੀ ਹੈ ਜੋ ਦੋ ਕਾਸ਼ਠੋਂ ਕੇ ਮਰਦਨ ਕਰਨੇ ਸੇ ਉਤਪਨ ਹੋਤਾ ਹੈ। ਅਥਵਾ ਜੋ ਵੀਣਾ ਕੀ ਧਵਨੀ ਕੀ ਤਰਹ ਉਤਪਨ ਹੋਤਾ ਹੈ ਔਰ ਫਿਰ ਵਿਲੀਨ ਹੋ ਜਾਤਾ ਹੈ"[12] ਜੈਨ ਧਰਮ ਵਿੱਚ ਵੀ ਸੰਗੀਤ ਨੂੰ ਅਧਿਆਤਮਿਕ ਪ੍ਰਚਾਰ ਲਈ ਸਾਹਿਤ ਦੇ ਨਾਲ ਰੱਖਿਆ ਗਿਆ-ਗ੍ਰੰਥੋ ਮੇਂ ਕੁੱਛ ਕਾਵਯ ਰੂਪ ਇਸ ਪ੍ਰਕਾਰ ਕੇ ਹੈ ਜਿਸਮੇਂ ਸੰਗੀਤ ਗ੍ਰੰਥ ਹੋਨੇ ਕਾ ਭ੍ਰਮ ਉਤਪੰਨ ਹੋ ਜਾਤਾ ਹੈ।

ਏਸੇ ਕਾਵਯ ਗ੍ਰੰਥੋ ਮੇਂ ਤੀਨ ਪ੍ਰਕਾਰ ਕੀ ਰਚਨਾਏ ਹੈ: (ੳ) ਕਾਮਗ੍ਰੰਥ (ਅ) ਬਾਰਾਮਾਲਾ (ੲ) ਰਾਗਮਾਲਾ" [13] ਜੈਨ ਪਦਾਂ ਵਿੱਚ ਗੀਤੀ ਤੱਤ ਅਤੇ ਸੰਗੀਤਕ ਮਧੁਰ ਦੇ ਕਿਰਿਆਂਤਮਿਕ ਤੱਤ ਮੌਜੂਦ ਹਨ।

ਮੱਧ ਯੁੱਗ ਤੱਕ ਹਿੰਦੂ ਧਰਮ ਦੀਆਂ ਕਈ ਸੰਪਰਦਾਵਾਂ ਵਿਕਸਿਤ ਹੋ ਚੁੱਕੀਆਂ ਸਨ। ਭਾਰਤ ਦੀ ਸੰਸਕ੍ਰਿਤੀ ਦਾ ਸਭ ਤੋਂ ਪ੍ਰਾਚੀਨ ਧਰਮ ਹਿੰਦੂ ਧਰਮ ਹੈ। ਵੈਦਿਕ ਆਰੀਆ ਸੰਸਕ੍ਰਿਤੀ ਦੇ ਨਾਲ-ਨਾਲ ਹੀ ਹਿੰਦੂ ਧਰਮ ਦਾ ਪ੍ਰਚਾਰ ਹੋਇਆ। ਅੱਗੇ ਚੱਲਕੇ ਇਸ ਧਰਮ ਵਿੱਚ ਸ਼ਿਵ-ਸ਼ਕਤੀ ਪ੍ਰੰਪਰਾਵਾਂ ਅਤੇ ਮੱਧਕਾਲ ਵਿੱਚ ਵੈਸ਼ਣਵ ਪਰੰਪਰਾਵਾਂ ਦੀ ਸਥਾਪਨਾ ਹੋਈ। ਇਨਾਂ ਸੰਪਰਦਾਵਾਂ ਦੇ ਅਲੱਗ-ਅੱਲਗ ਹੋਣ ਨਾਲ ਵੀ ਧਾਰਮਿਕ ਗਿਆਨ ਦਾ ਮੁੱਖ-ਟੀਚਾ ਅਧਿਆਮਿਕਤਾ ਹੀ ਰਹੀ ਅਤੇ ਇਸ ਅਧਿਆਤਮਿਕਤਾ ਰਾਹੀਂ ਆਪਣੇ ਆਪਣੇ ਵਿਚਾਰਾਂ ਨੂੰ ਧਰਮ ਵਾਦੀਆਂ ਨੇ ਸਮੇਂ-ਸਮੇਂ ਸੰਗੀਤ ਅਤੇ ਸਾਹਿਤ ਰਾਹੀ ਪ੍ਰਚਾਰਿਆਂ ਅਤੇ ਗ੍ਰੰਥਾਂ ਦੇ ਰੂਪ ਵਿੱਚ ਵਿਸ਼ਾਲ ਭੰਡਾਰ ਅਤੇ ਗਿਆਨ ਦੀ ਸਮੱਗਰੀ ਸਾਡੇ ਸਾਹਮਣੇ ਪੇਸ਼ ਕੀਤੀ ਹੈ। ਇਹਨਾਂ ਵਿੱਚ ਸੰਗੀਤ, ਸਾਹਿਤ ਅਤੇ ਅਧਿਆਤਮਿਕਤਾ ਨਾਲ-ਨਾਲ ਵਿਕਾਸਸ਼ੀਲ ਰਹੇ। ਜਿਹਨਾਂ ਵਿੱਚ ਵੈਸ਼ਣਵ ਸੰਪਰਦਾ ਸ਼ੈਵ ਸੰਪਰਦਾ, ਸ਼ਾਕਤ ਸੰਪਰਦਾ, ਕ੍ਰਿਸ਼ਨ ਭਗਤੀਧਾਰਾ, ਇਹਨਾਂ ਸਾਰੀਆਂ ਸੰਪਰਦਾਵਾਂ ਵਿੱਚ ਪ੍ਰਭੂ ਭਗਤੀ ਤੇ ਜੋਰ ਦਿੱਤਾ ਗਿਆ। "ਭਗਤੀ ਸ਼ਬਦ (ਭਜ' ਧਾਤੂ ਮੇਂ ਕਿੰਤੂ ਪ੍ਰਤਿਆਏ ਲਗਾਨੇ ਸੇ ਬਨਾ ਹੈ, ਜਿਸ ਕੇ ਅਧਾਰ ਸਵਰੂਪ ਪਾਣਨੀ ਕੀ ਅਸ਼ਟਾਧਿਆਇ ਮੇਂ ਇਸਤਰੀਆਂ 'ਕਿਤਨ' ਸੂਤਰ ਕੋ ਦੇਖਾ ਜਾ ਸਕਤਾ ਹੈ (ਪਾਣਨੀ ਅਸੁਟਾਧਿਆਇ, 03-03-09) 'ਭਗਤੀ' ਸ਼ਬਦ ਇਸਤਰੀ ਲਿੰਗ ਹੈ ਤਥਾ ਇਸ ਕੇ ਅਨੇਕ ਅਰਥ ਹੈ। ਜੈਸੇ- (1) ਭਿੰਨਤਾ (2) ਪ੍ਰਥਾਕਤਾ (3) ਬੰਟਵਾਰਾ (4) ਵਿਭਾਗ (6) ਵੰਸ਼ (7) ਵਿਭਾਗ ਕਰਨ ਵਾਲੀ ਰੇਖਾ (8) ਤਪਚਾਰ (9) ਅਨੁਰਾਗ (10) ਕਸਧਾ (11) ਸੰਮਾਨ (12) 'ਕਿਤਨ' ਪ੍ਰਤਯਾਏ ਕਾ ਅਰਥ ਹੈ ਪ੍ਰੇਮ (13) ਸੇਵਾ (14) ਪੂਜਨ (15) ਭਜ ਧਾਤੂ ਦਾ ਅਰਥ ਹੈ ਸੇਵਾ ਕਰਨਾ (16) 'ਭਗਤੀ' ਸ਼ਬਦ ਕਾ ਅਰਥ 'ਪ੍ਰੇਮਪੂਰਕ ਸੇਵਾ ਕਰਨਾ ਹੋ ਸਕਤਾ ਹੈ। (17) 'ਭਗਤੀ' ਸ਼ਬਦ ਕੀ ਵਿਉਪਤੀ 'ਭਜ ਸੇਵਾਯਾ ਬਤਾਈ ਗਈ ਹੈ, ਜਿਸ ਕਾ ਅਰਥ ਹੈ, ਸੇਵਾ ਅਰਾਧਨਾ ਆਦਿ' (18) 'ਉਪਾਸਨਾ ਸ਼ਬਦ ਕਾ ਅਰਥ ਹੈ (ਪ੍ਰਭੂ ਕੇ ਸਮੀਪ ਬੈਠਨਾ"[14] ਇਹਨਾ ਸਾਰੇ ਹੀ ਵਿਚਾਰਾਂ ਅਨੁਸਾਰ ਭਗਤੀ ਸ਼ਬਦ ਪ੍ਰਮਾਤਮਾ ਦੀ ਹੋਂਦ ਅਤੇ ਉਸ ਨਾਲ ਮਿਲਾਪ ਦੇ ਰਸਤੇ ਦਾ ਪ੍ਰਤੀਨਿਧ ਹੈ। ਮੱਧਕਾਲ ਵਿੱਚ ਸਭ ਤੋਂ ਵੱਡੀ ਕ੍ਰਾਂਤੀ ਜੋ ਅਧਿਆਤਮਿਕਤਾ ਵਿੱਚ ਆਈ ਅਤੇ ਜਿਸ ਨੂੰ ਪ੍ਰਚਾਰਨ ਲਈ ਸੰਗੀਤ ਅਤੇ ਸਾਹਿਤ ਦਾ ਬਹੁਤ ਵੱਡਾ ਯੋਗਦਾਨ ਰਿਹਾ ਉਹ ਭਗਤੀ ਮਾਰਗ ਸੀ ਜੋ ਵੈਦਿਕ ਸੰਸਕ੍ਰਿਤੀ ਦਾ ਨਿਚੋੜ ਸੀ।ਭਗਤੀ ਮਾਰਗ ਦੇ ਅਧੀਨ ਅਨੇਕਾਂ ਸੰਤਾ ਗੁਰੂਆਂ, ਭਗਤਾ, ਪੀਰਾਂ ਆਦਿ ਨੇ ਰਚਨਾਵਾਂ ਰਾਹੀਂ ਸਾਹਿਤ ਅਤੇ ਆਪਣੇ ਲਿਖੇ ਸੰਗੀਤ ਪਦਾਂ ਨੂੰ ਗਾਇਨ ਨਾਲ ਸੰਗੀਤਕ ਤੇ ਈਸ਼ਵਰੀ ਭਗਤੀ ਵਿੱਚ ਰੰਗ ਕੇ ਅਧਿਆਤਮਿਕਤਾ ਦੀਆਂ ਵਿਸ਼ੇਸ਼ ਗਤੀਵਿਧੀਆਂ ਰਾਹੀਂ ਭਗਤੀ ਅੰਦੋਲਨ ਚਲਾਇਆ।

ਵੈਦਿਕ ਸੰਸਕ੍ਰਿਤੀ ਜੋ ਵਿਸ਼ਾਲ ਸਾਹਿਤਕ ਭੰਡਾਰ ਰਾਹੀਂ ਅਲੱਗ-ਅਲੱਗ ਧਰਮਾਂ, ਸੰਪਰਦਾਵਾਂ, ਅਤੇ ਧਾਰਾਵਾਂ ਤੇ ਅਸਰ ਪਾਉਂਦੀ ਹੋਈ ਵਿਚਰਦੀ ਰਹੀ।ਇਸ 'ਤੇ ਭਾਰਤ ਤੋਂ ਬਾਹਰੀ ਸੰਸਕ੍ਰਿਤੀਆਂ ਨੇ ਮੱਧਕਾਲ ਵਿੱਚ ਅਸਰ ਪਾਇਆ ਜੋ ਕਿ ਮੁਸਲਿਮ ਸੰਸਕ੍ਰਿਤੀ ਦਾ ਪ੍ਰਭਾਵ ਸੀ। ਮੁਸਲਮਾਨਾਂ ਨੇ ਭਾਰਤ ਦੀ ਵੈਸ਼ਨਨ ਭਗਤੀ ਪਰੰਪਰਾ ਦੇ ਅਨੁਸਾਰ ਆਪਣੇ ਗੀਤੀ ਕਾਵਿ ਅਤੇ ਸੰਗੀਤ ਦੀਆਂ ਸ਼ੈਲੀਆਂ ਦੀ ਰਚਨਾ ਕੀਤੀ ਇਹਨਾਂ ਸ਼ੈਲੀਆਂ ਰਚਨਾਵਾਂ ਨੂੰ ਅਸੀਰ ਖੁਸਰੋ, ਮਲਿਕ ਮੁਹੰਮਦ ਜਾਇਸੀ, ਅਬਦੁਲ ਰਹੀਮ ਖਾਂ, ਰਸ ਖਾਂ, ਕਬੀਰ ਅਤੇ ਹੋਰ ਕਈ ਕਵੀਆਂ ਅਤੇ ਸੂਫੀਆਂ ਨੇ ਸੰਗੀਤ, ਸਾਹਿਤ ਅਤੇ ਧਾਰਮਿਕ ਭਾਵਨਾਵਾਂ ਨੂੰ ਅੱਲਾ ਦੇ ਰੂਬਰੂ ਪ੍ਰਸਤੁਤ ਕਰਕੇ ਅਧਿਆਤਮਿਕਤਾ ਦੀ ਰੋਸ਼ਨੀ ਫੈਲਾਈ "ਨੈਤਿਕਤਾ ਪੂਰਣ ਅਧਿਆਤਮਿਕਤਾ ਦ੍ਰਿਸ਼ਟੀਕੋਣ ਅਪਨਾਕਰ ਸੂਫੀ ਸੰਤੋਂ ਨੇ ਵਿਸ਼ਵ ਸਤਰ ਪਰ ਇਸਲਾਮਧਰਮ ਕੇ ਪ੍ਰਚਾਰ ਮੇ ਵਿਆਪਕ ਭੂਮਿਕਾ ਨਿਭਾਈ"[15] ਮੁਸਲਿਮ ਵਿਦਵਾਨਾਂ ਨੂੰ ਹਿੰਦੋਸਤਾਨ ਦੀ ਭਾਸ਼ਾ ਰਾਹੀਂ ਸਾਹਿਤ, ਹਿੰਦੋਸਤਾਨੀ ਸੰਗੀਤ ਨਾਲ ਸੰਗੀਤ ਕਲਾ ਅਤੇ ਵੈਦਿਕ ਸੰਸਕ੍ਰਿਤੀ ਦੇ ਸਦੀਆਂ ਤੋਂ ਚਲੇ ਆ ਰਹੇ ਅਧਿਆਤਮਿਕ ਸਮਾਜਿਕ ਮੁੱਲਾਂ ਨੂੰ ਸਮਝਣਾ ਪਿਆ ਅਤੇ ਅਪਨਾਉਣਾ ਪਿਆ ਜਿਸ ਕਰਕੇ ਮੁਸਲਿਮ ਸੰਸਕ੍ਰਿਤੀ ਵੀ ਭਾਰਤੀ ਵੈਦਿਕ ਸੰਸਕ੍ਰਿਤੀ ਤੋਂ ਅਛੂਤੀ ਨ ਰਹਿ ਸਕੀ।

ਵੈਦਿਕ ਸੰਸਕ੍ਰਿਤੀ ਤੋਂ ਲੈ ਕੇ ਮੱਧਕਾਲ ਤੱਕ ਜਿੱਥੇ ਏਨਾ ਜਿਆਦਾ ਗਿਆਨ, ਸੋਚ, ਮੋਕਸ਼ ਪ੍ਰਾਪਤੀ, ਜੀਵਨ ਚੱਕਰ, ਪ੍ਰੰਪਰਾ ਦੇ ਰੂਪ ਵਿੱਚ ਵਿਕਸਿਤ ਹੋਏ ਉੱਥੇ ਅਧਿਆਤਮਿਕ ਸਿਧਾਂਤਾਂ ਵਿੱਚ ਰੂੜੀਵਾਦੀ ਵਿਚਾਰਧਾਰਾ ਵੀ ਪੈਦਾ ਹੋਈ ਜਿਸ ਕਾਰਨ ਮਨੁੱਖ ਜਾਤੀ ਵਿੱਚ ਬਰਾਬਰਤਾ ਨਾ ਹੋ ਕੇ ਉਚ-ਨੀਚ, ਜਾਤ-ਪਾਤ, ਭੇਦ-ਭਾਵ, ਕਰਮ-ਕਾਂਡ ਆਦਿ ਨੇ ਸਾਡੀ ਸੱਭਿਅਤਾ, ਸੰਸਕ੍ਰਿਤੀ ਨੂੰ ਆਪਣੇ ਸ਼ਿਕੰਜੇ ਵਿੱਚ ਜਕੜ ਕੇ ਰੱਖ ਦਿੱਤਾ ਇਹੀ ਕਾਰਨ ਸੀ ਕਿ ਮੱਧ ਕਾਲ ਵਿੱਚ ਹਿੰਦੂ ਸੰਤਾਂ, ਮੁਸਲਿਮ ਸੂਫੀ-ਫਕੀਰ ਅਤੇ ਸਿੱਖ ਧਰਮ ਦੇ ਗੁਰੂਆਂ ਅਤੇ ਦੱਖਣੀ ਭਾਰਤ ਵਿੱਚ ਧਾਰਮਿਕ ਸੰਪਰਦਾਵਾਂ ਦੇ ਆਗੂਆਂ ਦੁਆਰਾ ਸਾਂਝੇ ਰੂਪ ਵਿੱਚ ਭਗਤੀ ਅੰਦੋਲਨ ਚਲਾਇਆ ਗਿਆ ਇਹਨਾਂ ਸਾਰਿਆਂ ਦੀਆਂ ਭਗਤੀ ਰਚਨਾਵਾਂ ਨੂੰ ਬਹੁਤ ਸਾਰੇ ਸਾਹਿਤ ਵਿੱਚ ਅੱਜ ਅਸੀਂ ਦੇਖ ਸਕਦੇ ਹਾਂ। ਇਹਨਾਂ ਵਿੱਚ ਭਗਤੀ ਸਹਿਤ ਦੇ ਸਾਂਝੇ ਵਿਚਾਰਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦੇਖਿਆ ਜਾ ਸਕਦਾ ਹੈ। ਵੈਦਿਕ ਸੰਸਕ੍ਰਿਤੀ ਅਤੇ ਇਸ

ਵਿੱਚ ਵੈਦਿਕ ਸੰਪਰਦਾਵਾਂ ਦੀਆਂ ਸਾਰੀਆਂ ਸ਼ਾਖਾਵਾਂ ਦੇ ਕਵੀਆਂ ਦੀਆਂ ਰਚਨਾਵਾਂ ਉਦਾਹਰਣ ਸਵਰੂਪ ਮੌਜੂਦ ਹਨ।

"ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨਾ ਬਿਚਾਰੈ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧॥
ਮੁਲਾਂ ਕਹਹੁ ਨਿਆਉ ਖੁਦਾਈ॥
ਤੇਰੇ ਮਨ ਕਾ ਭਰਮੁ ਨ ਜਾਈ ॥੧॥ [16]

"ਮਲਾਰ ਮਹਲਾ ॥੩॥
ਬੇਦ ਬਾਣੀ ਜਗੁ ਵਰਤਦਾ ਤੈ ਗੁਣ ਕਰੇ ਬੀਚਾਰ॥
ਸਤਿਗੁਰ ਭੇਟੇ ਮੁਕਤਿ ਹੋਇ ਪਾਏ ਮੋਖ ਦੁਆਰੁ॥੧॥
ਮਨ ਰੇ ਸਤਿਗੁਰੂ ਸੇਵਿ ਸਮਾਇ॥ ਵਡੈ ਭਾਗਿ ਗੁਰੂ ਪੂਰਾ ਪਾਇਆ
ਹਰਿ ਹਰਿ ਨਾਮ ਧਿਆਇ ॥ ॥੧॥ ਰਹਾਉ"[17]

ਅੱਜ ਵੀ ਗੁਰਦੁਆਰਿਆਂ, ਮੰਦਿਰਾਂ, ਮਸਜਿਦਾਂ ਵਿੱਚ ਕਲਾਸੀਕਲ (ਸ਼ਾਸਤਰੀ) ਸੰਗੀਤ ਜਾਂ ਲੋਕ ਧਵਨੀਆਂ ਤੇ ਅਧਾਰਿਤ ਗੁਰਮਤਿ ਸੰਗੀਤਕ ਸ਼ਬਦਾਂ, ਭਜਨਾਂ ਅਤੇ ਕਵਾਲੀਆਂ-ਸੂਫੀ-ਕਲਾਮ ਆਦਿ ਵੈਦਿਕ ਸੰਸਕ੍ਰਿਤੀ ਦੀ ਮੂੰਹੋਂ ਬੋਲਦੀ ਤਸਵੀਰ ਹਨ। ਜਿਸ ਨੂੰ ਅਸੀਂ ਭਾਰਤੀ ਸੰਗੀਤ ਸਹਿਤ ਅਤੇ ਅਧਿਆਤਮਿਕਤਾ ਦਾ ਪੁਰਾਤਨ ਸੋਮਾ ਵੈਦਿਕ ਸੰਸਕ੍ਰਿਤੀ ਕਹਾਂਗ।

**ਹਵਾਲੇ ਅਤੇ ਟਿਪਣੀਆਂ**


1. ਡਾ. ਸੁਨੀਤਾ ਸ਼ਰਮਾ, ਭਾਰਤੀਯ ਸੰਗੀਤ ਕਾ ਇਤਿਹਾਸ (ਅਧਿਆਤਮਿਕ ਏਵਮ ਦਾਰਸ਼ਨਿਕ) ਪੰਨਾਂ- 17
2. ਮੂਲ ਲੇਖਕ ਦਮੋਦਰ ਪੰਡਿਤ (ਅਨੁ: ਪੰਡਿਤ ਵਿਸ਼ੰਬਰ ਨਾਥ ਭੱਟ) ਸੰਗੀਤ ਦਰਪਣ, ਪੰਨਾ-7
3. ਡਾ. ਸੁਨੀਤਾ ਸ਼ਰਮਾ, ਭਾਰਤੀਯ ਸੰਗੀਤ ਕਾ ਇਤਿਹਾਸ (ਅਧਿਆਤਮਿਕ ਏਵਮ ਦਾਰਸ਼ਨਿਕ) ਪੰਨਾਂ- 5
4. ਅੰਜਲੀ ਮਿਤਲ, ਭਾਰਤੀਯ ਸਭਿਅਤਾ ਸੰਸਕ੍ਰਿਤੀ ਏਵਮ ਸੰਗੀਤ ਪੰਨਾ-47
5. ਡਾ. ਤਰਲੋਕੀ ਨਰਾਇਣ ਦੀਕਸ਼ਤ, ਹਿੰਦੀ ਸੰਤ ਸਾਹਿਤਯ, ਪੰਨਾ-13.
6. ਡਾ. ਸੁਨੀਤਾ ਸ਼ਰਮਾ, ਭਾਰਤੀਯ ਸੰਗੀਤ ਕਾ ਇਤਿਹਾਸ (ਅਧਿਆਤਮਿਕ ਏਵਮ ਦਾਰਸ਼ਨਿਕ) ਪੰਨਾਂ- 28
7. ਵਾਚਸਪਤੀ ਗਰੋਲਾ, ਸੰਸਕ੍ਰਿਤੀ ਸਾਹਿਤ ਕਾ ਇਤਿਹਾਸ, ਪੰਨਾ-94
8. ਰਾਮ ਅਵਤਾਰ ਵੀਰ, ਭਾਰਤੀਯ ਸੰਗੀਤ ਕਾ ਇਤਿਹਾਸ, ਪੰਨਾ-44
9. ਡਾ. ਸੁਨੀਤਾ ਸ਼ਰਮਾ, ਭਾਰਤੀਯ ਸੰਗੀਤ ਕਾ ਇਤਿਹਾਸ (ਅਧਿਆਤਮਿਕ ਏਵਮ ਦਾਰਸ਼ਨਿਕ) ਪੰਨਾਂ- 40-41.
10. ਉਹੀ ਪੰਨਾ-46
11. ਰੇਨੂੰ ਸੱਚਦੇਵ, ਧਾਰਮਿਕ ਪ੍ਰੰਪਰਾਏ ਏਵਮ ਹਿੰਦੁਸਤਾਨੀ ਸੰਗੀਤ, ਪੰਨਾ-13.
12. ਡਾ. ਸੁਨੀਤਾ ਸ਼ਰਮਾ, ਭਾਰਤੀਯ ਸੰਗੀਤ ਕਾ ਇਤਿਹਾਸ (ਅਧਿਆਤਮਿਕ ਏਵਮ ਦਾਰਸ਼ਨਿਕ) ਪੰਨਾਂ- 37.
13. ਰੇਨੂੰ ਸੱਚਦੇਵ, ਧਾਰਮਿਕ ਪ੍ਰੰਪਰਾਏ ਏਵਮ ਹਿੰਦੁਸਤਾਨੀ ਸੰਗੀਤ, ਪੰਨਾ-18
14. ਉਹੀ, ਪੰਨਾ-59
15. ਡਾ. ਸੁਨੀਤਾ ਸ਼ਰਮਾ, ਭਾਰਤੀਯ ਸੰਗੀਤ ਕਾ ਇਤਿਹਾਸ (ਅਧਿਆਤਮਿਕ ਏਵਮ ਦਾਰਸ਼ਨਿਕ) ਪੰਨਾਂ- 100.
16. ਸ੍ਰੀ ਗੁਰੂ ਗ੍ਰੰਥ ਸਾਹਿਬ, ਬਾਣੀ ਕਬੀਰ ਜੀ ਕੀ, ਅੰਕ-1350 (੧੩੫੦)
17. ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮਹਲਾ ੩ ॥, ਪੰਨਾ-1276 (੧੨੭੬)



Music Dept., Khalsa College, Garhdiwala
Hoshiarpur
Mob. 94648-16707



**Now you can read Amrit Kirtan & Download Kirtan of Dr. Jagir Singh from www.amritkirtan.com**

**Send this information to your friends**

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ, ਨਵੀਂ ਦਿੱਲੀ 110 060 ਫੋਨ : 25862955

# ਸਾਡੇ ਕੀਰਤਨੀਏ-ਭਾਈ ਹਰਭਜਨ ਸਿੰਘ ਜੀ

## ਗੁਰਜੰਤ ਸਿੰਘ ਰਾਹੀ

ਕਲਯੁਗ ਵਿਚ ਕੀਰਤਨ ਦੀ ਪ੍ਰਧਾਨਤਾ ਹੈ। ਹਰ ਕੋਈ ਚਾਹੁੰਦਾ ਹੈ ਕਿ ਮੈਂ ਵੀ ਕੀਰਤਨ ਕਰਾਂ ਪਰ ਇਹ ਸਾਰਿਆਂ ਦੇ ਹਿਸੇ ਨਹੀਂ ਆਉਂਦਾ। ਜਿਸਦੇ ਵੱਡੇ ਭਾਗ ਹੋਣ ਪਰਮਾਤਮਾਂ ਦੀ ਕ੍ਰਿਪਾ ਹੋਵੇ ਤਾਂ ਹੀ ਕੀਰਤਨ ਦੀ ਦਾਤ ਪ੍ਰਾਪਤ ਹੁੰਦੀ ਹੈ। ਸੰਗੀਤ ਇਕ ਦੇਵ ਵਿਦਿਆ ਹੈ ਇਸ ਦੀ ਸਾਧਨਾ ਵੀ ਦੇਵਤਿਆਂ ਵਾਂਗ ਭਾਵ ਆਪਣੇ ਮਨ ਬਚਨ ਕਰਮ ਨੂੰ ਕਾਬੂ ਵਿਚ ਰੱਖਕੇ ਆਪਣੀਆਂ ਦੁਨੀਆਵੀ ਮਨੋ ਬਿਰਤੀਆਂ ਨੂੰ ਅੰਤਰ ਮੁੱਖ ਬਣਾਕੇ ਸਾਧਨਾ ਕਰਨੀ ਪੈਂਦੀ ਹੈ। ਜਿਨ੍ਹਾਂ ਨੇ ਯੋਗ ਗੁਰੂ ਦੀ ਅਗਵਾਈ ਵਿਚ ਰਹਿਕੇ ਸੁਰ ਅਤੇ ਸ਼ਬਦ ਦਾ ਅਭਿਆਸ ਕੀਤਾ ਹੈ। ਉਹ ਹੀ ਸਫਲ ਕੀਰਤਨੀਆ ਬਣਦਾ ਹੈ।

ਭਾਈ ਹਰਭਜਨ ਸਿੰਘ ਅਜਿਹਾ ਹੀ ਗੁਰਮੁਖ ਬਿਰਤੀ ਦਾ ਕੀਰਤਨੀਆ ਹੈ। ਜੋ ਪਿਤਾ ਭਾਈ ਹਰਨਾਮ ਸਿੰਘ ਸਾਬਕਾ ਰਾਗੀ ਤਖਤ ਸ੍ਰੀ ਕੇਸਗੜ ਸਾਹਿਬ ਮਾਤਾ ਈਸ਼ਰ ਕੋਰ ਦੀ ਕੁਖੋਂ 15.10.53 ਨੂੰ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਜਨਮੇ। ਕੀਰਤਨ ਦੀ ਦਾਤ ਵਿਰਸੇ ਵਿਚ ਸੀ । ਆਪ ਦੇ ਪਿਤਾ ਭਾਈ ਹਰਨਾਮ ਸਿੰਘ ਬੜੇ ਸੰਤ ਬਿਰਤੀ ਅਤੇ ਸਿਮਰਨ ਵਾਲੇ ਕੀਰਤਨੀਏ ਸਨ। ਭਾਈ ਹਰਭਜਨ ਸਿੰਘ ਬਚਪਨ ਵਿਚ ਹੀ ਆਪਣੇ ਪਿਤਾ ਜੀ ਪਾਸੋਂ ਘਰ ਵਿਚ ਹੀ ਸਿੱਖ ਕੇ ਤਬਲਾ ਵਜਾਉਣ ਦੇ ਯੋਗ ਹੋ ਗਏ। ਪੜ੍ਹਾਈ ਦੇ ਨਾਲ ਨਾਲ ਸੰਗੀਤ ਦੀ ਤਾਲੀਮ ਵੀ ਚਲਦੀ ਰਹੀ ਸਮੇ ਨਾਲ ਬੀ.ਏ. ਵਿਚ ਸੰਗੀਤ ਦੀ ਡਿਗਰੀ ਕਰ ਗਏ ਨਾਲ ਹੀ ਤਬਲੇ ਦੇ ਨਾਲ ਨਾਲ ਗਾਇਨ ਦੀ ਸਿਖਿਆ ਲੈ ਕੇ ਪਿਤਾ ਜੀ ਪਾਸੋ ਅਤੇ ਉਸ ਵੇਲੇ ਦੇ ਸਾਥੀ ਰਾਗੀ ਸਿੰਘਾਂ ਪਾਸੋਂ ਬਹੁਤ ਸਾਰੀਆਂ ਟਕਸਾਲੀ ਬੰਦਸ਼ਾਂ ਯਾਦ ਕਰ ਲਈਆਂ। ਭਾਈ ਹਰਨਾਮ ਸਿੰਘ ਆਨੰਦਪੁਰ ਸਾਹਿਬ ਤੋ. ਬਾਅਦ ਪਰਿਵਾਰ ਸਮੇਤ ਖਰੜ ਆ ਗਏ ਜਿਥੇ ਬਾਕੀ ਸਾਰੀ ਜਿੰਦਗੀ ਗੁਰਦੁਆਰਾ ਸਿੰਘ ਸਭਾ ਸੇਵਾ ਕਰਦੇ ਰਹੇ । ਪੜ੍ਹਾਈ ਦੇ ਨਾਲ ਨਾਲ ਹਰਭਜਨ ਸਿੰਘ ਆਪਣੇ ਪਿਤਾ ਦੇ ਨਾਲ ਕੀਰਤਨ ਦੀ ਸੇਵਾ ਨਿਭਾਉ ਦੇ ਰਹੇ ਇਸ ਤਰਾਂ ਰੋਜਾਨਾ ਅਭਿਆਸ ਨਾਲ ਚੰਗੇ ਕੀਰਤਨੀਏ ਬਣ ਗਏ। ਇੱਕ ਪ੍ਰੋਗਰਾਮ ਦੋਰਾਨ ਭਾਈ ਬਖਸ਼ੀਸ਼ ਸਿੰਘ ਜੀ ਪਟਿਆਲੇ ਵਾਲਿਆਂ ਨਾਲ ਮੁਲਾਕਾਤ ਹੋਈ ਉਨਾਂ ਪਾਸੋਂ ਸਿਖਣ ਦੀ ਇੱਛਾ ਜਾਹਿਰ ਕੀਤੀ ਉਨਾਂ ਹਰਭਜਨ ਸਿੰਘ ਦੀ ਲਗਨ ਵੇਖ ਕੇ ਪ੍ਰਵਾਨ ਕਰ ਲਈ ਉਸ ਤੋਂ ਬਾਦ ਵਿਚ ਭਾਈ ਬਖਸ਼ੀਸ਼ ਸਿੰਘ ਜੀ ਨਾਲ ਬਤੌਰ ਸਹਾਇਕ ਰਾਗੀ ਸੇਵਾ ਕਰਦੇ ਰਹੇ ਇਸ ਤਰਾਂ ਇਨਾਂ ਦੇ ਕੀਰਤਨ ਵਿਚ ਭਾਈ ਬਖਸ਼ੀਸ਼ ਸਿੰਘ ਦੇ ਸਟਾਈਲ ਦੀ ਝਲਕ ਆਉਂਦੀ ਹੈ। ਰੋਜੀ ਰੋਟੀ ਲਈ ਪੰਜਾਬ ਸਕੂਲ ਸਿਖਿਆ ਬੋਰਡ ਵਿਚ ਨੋਕਰੀ ਕਰ ਰਹੇ ਹਨ। ਇਥੇ ਇਹਨਾਂ ਦਾ ਡਾਕਟਰ ਜਾਗੀਰ ਸਿੰਘ ਨਾਲ ਵੀ ਮੇਲ ਹੁੰਦਾ ਰਿਹਾ। ਨਿਸ਼ਕਾਮ ਕੀਰਤਨੀਏ ਵਜੋਂ ਸ੍ਰੀ ਹਰਮੰਦਰ ਸਾਹਿਬ ਵਿਖੇ ਕਈ ਵਾਰ ਕੀਰਤਨ ਦੀ ਹਾਜਰੀ ਲੁਆ ਚੁੱਕੇ ਹਨ। ਭਾਈ ਬਖਸ਼ੀਸ਼ ਸਿੰਘ ਜੀ ਨਾਲ ਦੂਰਦਰਸ਼ਨ ਜਲੰਧਰ ਵਿਖੇ ਵੀ ਹਾਜਰੀ ਲੁਆ ਚੁੱਕੇ ਹਨ।

ਸੁਭਾ ਪੱਖੋਂ ਮਿਲਣ ਸਾਰ, ਗੁਰਮੁਖਾਂ ਵਾਲਾ ਸੁਭਾਅ, ਦੂਸਰੇ ਨੂੰ ਪ੍ਰੇਰਣਾ ਦੇਣ ਵਾਲੇ, ਗੁਰੂ ਦੀ, ਬਖਸ਼ੀਸ਼ ਦੇ ਐਨੇ ਪਾਤਰ ਕਿ ਜਦੋ ਆਮ ਗਲ ਬਾਤ ਕਰਦੇ ਹਨ ਤਾਂ ਹਲਕਾਣ ਕਰਕੇ ਰੁਕ ਰੁਕ ਕੇ ਬੋਲਦੇ ਹਨ। ਜਦੋਂ ਕੀਰਤਨ ਕਰਦੇ ਹਨ ਤਾਂ ਰਵਾਨਗੀ ਇਕਸਾਰ। ਰਾਗ ਅਤੇ ਤਾਲ ਦੀ ਸੋਝੀ ਰੱਖਦੇ ਹਨ। ਰਾਗ ਦਾਰੀ ਵਾਲੇ ਕੀਰਤਨ ਨੂੰ ਤਰਜੀਹ ਦਿੰਦੇ ਹਨ। ਫਿਲਮੀ ਤਰਜਾਂ ਵਾਲੇ ਕੀਰਤਨ ਤੋਂ ਗੁਰੇਜ ਕਰਦੇ ਹਨ। ਕੀਰਤਨ ਟਿਕਾਊ ਵਾਲਾ ਹੋਣਾ ਚਾਹੀਦਾ ਹੈ। ਸਾਜਾਂ ਦਾ ਜਿਆਦਾ ਸ਼ੋਰ ਨਹੀਂ ਹੋਣਾ ਚਾਹੀਦਾ। ਕੀਰਤਨ ਸੁਰਤ ਨੂੰ ਸ਼ਬਦ ਨਾਲ ਜੋੜੇ ਨਾ ਕੇ ਤੋੜੇ । ਇਸ ਲਈ ਰਾਗਦਾਰੀ ਵੀ ਐਨੀ ਕੁ ਹੋਵੇ ਕਿ ਸ਼ਬਦ ਦਾ ਪ੍ਰਭਾਵ ਬਣਿਆ ਰਹੇ । ਪਰਿਵਾਰ ਵਿਚ ਇਕ ਬੇਟੀ ਤਿੰਨ ਬੇਟੇ ਹਨ। ਇਕ ਬੇਟਾ ਗੁਰਮਤਿ ਸੰਗੀਤ ਦੀ ਸਿਖਿਆ ਲੈ ਰਿਹਾ ਹੈ। ਭਾਈ ਹਰਭਜਨ ਸਿੰਘ ਦੀ ਇਛਾ ਹੈ ਕਿ ਪਰਿਵਾਰ ਵਿਚ ਗੁਰਮਤਿ ਸੰਗੀਤ ਦਾ ਪ੍ਰਵਾਹ ਜੋ ਕਿ ਪਿਤਾ ਪੁਰਖੀ ਹੈ ਬਣਿਆ ਰਹੇ। ਇਸ ਕਰਕੇ ਸਾਰੇ ਬੱਚਿਆਂ ਨੂੰ ਕੀਰਤਨ ਨਾਲ ਜੋੜਿਆ ਹੈ। ਇਸ ਸਾਰੇ ਪਿਛੇ ਉਹ ਆਪਣੀ ਪਤਨੀ ਦਾ ਵੀ ਪੂਰਨ ਸਹਿਯੋਗ ਮੰਨਦੇ ਹਨ। ਜਿਸਨੇ ਘਰ ਨੂੰ ਸੰਗੀਤ ਮਈ ਬਣਾਉਣ ਵਿਚ ਸਾਥ ਦਿੱਤਾ ਹੈ। ਭਾਈ ਹਰਭਜਨ ਸਿੰਘ ਸ਼ਬਦਾਂ ਦੀ ਇਕ ਕੈਸੇਟ ਰਿਕਾਰਡ ਕਰਵਾਉਣ ਬਾਰੇ ਇੱਛਾ ਰੱਖਦੇ ਹਨ। ਅਰਦਾਸ ਹੈ ਕਿ ਭਾਈ ਹਰਭਜਨ ਸਿੰਘ ਏਸੇ ਤਰਾਂ ਲਗਨ ਅਤੇ ਅਕੀਦੇ ਨਾਲ ਸ਼ਬਦ ਦੀ ਸਾਧਨਾ ਵਿਚ ਜੁੜੇ ਰਹਿਣ ਅਤੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਰਹਿਣ।

ਗੁਰਮਤਿ ਸੰਗੀਤ ਵਿਦਿਆਲਾ, ਸੰਗਰੂਰ

# ਰਾਗ ਸਾਰੰਗ ਦਾ ਇਤਿਹਾਸਿਕ ਵਿਵੇਚਨ

## ਡਾ. ਰਾਜੇਸ਼ ਸ਼ਰਮਾ

ਭਾਰਤੀ ਸ਼ਾਸਤਰੀ ਸੰਗੀਤ ਦਾ ਮੂਲ ਆਧਾਰ ਰਾਗ ਹੈ। ਭਾਵੇਂ ਗਾਇਨ ਹੋਵੇ ਜਾਂ ਵਾਦਨ, ਸੰਗੀਤ ਰੂਪੀ ਮਹਿਲ ਦੀ ਸਿਰਜਣਾ ਰਾਗ ਦੁਆਰਾ ਹੀ ਹੁੰਦੀ ਹੈ। ਰਾਗ ਵਿਚ ਇਕ ਅਜਿਹੀ ਅਸੀਮ ਸ਼ਕਤੀ ਹੈ, ਜੋ ਵਿਅਕਤੀ ਦੇ ਮਨੋਭਾਵਾਂ ਨੂੰ ਪ੍ਰਭਾਵਿਤ ਕਰਦੀ ਹੈ। ਰਾਗ ਦੀ ਇਸ ਨਾਦਾਤਮਕ ਸ਼ਕਤੀ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਸਾਡੇ ਮੱਧਕਾਲੀਨ ਪੀਰ-ਪੈਗੰਬਰਾਂ, ਗੁਰੂ-ਸਾਹਿਬਾਨਾਂ ਨੇ ਆਪਣੀ ਬਾਣੀ ਨੂੰ ਰਾਗ ਵਿਚ ਨਿਬੱਧ ਕੀਤਾ।

ਰਾਗ ਸਾਰੰਗ ਭਾਰਤੀ ਸੰਗੀਤ ਦਾ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਇਹ ਇਕ ਸਰਲ, ਮਧੁਰ ਅਤੇ ਲੋਕ-ਪ੍ਰਿਅ ਰਾਗ ਹੈ। ਇਸ ਰਾਗ ਦੀ ਉਪਜ ਲੋਕ-ਧੁਨ ਤੋਂ ਮੰਨੀ ਜਾਂਦੀ ਹੈ ਅਤੇ ਅਨੇਕਾਂ ਲੋਕ-ਧੁਨਾਂ ਵਿਚ ਇਸ ਰਾਗ ਦਾ ਸਰੂਪ ਮਿਲ ਜਾਂਦਾ ਹੈ।

"ਰਾਗ ਬ੍ਰਿੰਦਾਵਨੀ ਸਾਰੰਗ ਦੀ ਰਚਨਾ ਬ੍ਰਿੰਦਾਵਨ, ਜੋ ਉਤਰ-ਪ੍ਰਦੇਸ਼ ਦਾ ਇਕ ਸ਼ਹਿਰ ਹੈ, ਵਿਚ ਗਾਏ ਜਾਣ ਵਾਲੇ ਲੋਕ-ਗੀਤ, ਜਿਸ ਨੂੰ ਰਸੀਆ ਕਿਹਾ ਜਾਂਦਾ ਸੀ, ਦੇ ਆਧਾਰ 'ਤੇ ਹੋਈ।" (ਗੁਰਬਾਣੀ ਰਾਗ ਵਿਵੇਚਨ, ਡਾ-ਭਗਵੰਤ ਕੌਰ, ਪੰਨਾ 69)

ਸਾਰੰਗ ਰਾਗ ਦੇ ਸਵਰਾਂ 'ਤੇ ਆਧਾਰਿਤ ਚਰਵਾਹਿਆਂ ਦੇ ਲੋਕ-ਗੀਤ ਅਤੇ ਸਪੇਰਿਆਂ ਦੀ ਬੀਨ ਦੀਆਂ ਧੁਨਾਂ ਪ੍ਰਸਿੱਧ ਹਨ।

"ਲੋਕ-ਗੀਤਾਂ ਦੀਆਂ ਸਾਧਾਰਨ ਧੁਨਾਂ ਤੋਂ ਲੈ ਕੇ ਸ਼ਾਸ਼ਤਰੀ ਸੰਗੀਤ ਦੀਆਂ ਸਭ ਗਾਇਨ-ਸ਼ੈਲੀਆਂ ਸਾਰੰਗ ਰਾਗ ਵਿਚ ਭਲੀ-ਭਾਂਤ ਗਾਈਆਂ-ਵਜਾਈਆਂ ਜਾਂਦੀਆਂ ਹਨ।" (ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ, ਪ੍ਰੋ. ਤਾਰਾ ਸਿੰਘ, ਪੰਨਾ 283)

ਆਮ ਕਰਕੇ ਸਾਰੰਗ ਨੂੰ ਬ੍ਰਿੰਦਾਵਨੀ ਸਾਰੰਗ ਵੀ ਕਹਿੰਦੇ ਹਨ। ਕੁਝ ਲੋਕਾਂ ਦਾ ਮੰਨਣਾ ਹੈ ਕਿ ਬ੍ਰਿੰਦਾਵਨੀ ਸਾਰੰਗ ਰਾਗ ਦੀ ਉਤਪਤੀ ਸੁਆਮੀ ਹਰੀਦਾਸ ਜੀ ਨੇ ਕੀਤੀ, ਜੋ ਕਿ ਤਾਨਸੇਨ ਜੀ ਦੇ ਗੁਰੂ ਸਨ। ਸੁਆਮੀ ਹਰੀਦਾਸ ਜੀ ਬ੍ਰਿੰਦਾਵਨ ਦੇ 'ਨਿਧੀਵਨ ਨਿਕੁੰਜ' ਵਿਚ ਰਹਿੰਦੇ ਸਨ। ਉੱਥੇ ਹੀ ਆਪਣੇ ਠਾਕੁਰ ਜੀ ਦੀ ਭਗਤੀ ਕਰਦੇ ਸਨ। ਇਸ ਲਈ ਇਸ ਰਾਗ ਦਾ ਪ੍ਰਚਾਰ ਤੇ ਪ੍ਰਸਾਰ ਬ੍ਰਿੰਦਾਵਨ ਵਿਚ ਵਧੇਰੇ ਹੋਇਆ। ਜਿਸ ਕਰਕੇ ਇਸ ਰਾਗ ਨੂੰ ਬ੍ਰਿੰਦਾਵਨੀ ਸਾਰੰਗ ਕਿਹਾ ਜਾਣ ਲੱਗ ਪਿਆ।

"ਪ੍ਰਸਤੁਤ ਰਾਗ ਨੂੰ ਬ੍ਰਿੰਦਾਵਨੀ ਸਾਰੰਗ ਕਹਿਣ ਦੀ ਪਰੰਪਰਾਂ ਦੇ ਸੰਬੰਧ ਵਿਚ ਇਹ ਕਥਨ ਸੰਗੀਤ ਵਿਦਵਾਨਾਂ ਵਿਚ ਪ੍ਰਚਲਿਤ ਹੈ ਕਿ ਬ੍ਰਿੰਦਾਵਨ ਦੇ ਮੰਦਰਾਂ ਵਿਚ ਸੰਤ-ਸੰਗੀਤਕਾਰਾਂ ਦੇ ਦੁਆਰਾ ਇਹ ਰਾਗ ਬਹੁਤ ਗਾਇਆ ਗਿਆ ਹੈ।ਇਸ ਕਾਰਨ ਹੀ ਸਾਰੰਗ ਰਾਗ ਨੂੰ ਬ੍ਰਿੰਦਾਵਨੀ ਸਾਰੰਗ ਕਹਿਣ ਦੀ ਪਰੰਪਰਾ ਚਲੀ ਹੋਵੇਗੀ। ਨਾਮ ਸੰਬੰਧੀ ਇਸ ਅਨੁਮਾਨ ਵਿਚ ਕੁਝ ਵਾਸਤਵਿਕਤਾ ਦੀ ਝਲਕ ਜ਼ਰੂਰ ਹੈ।" (ਅਭੀਨਵ ਗੀਤਾਂਜਲੀ ਭਾਗ-5, ਪੰ: ਰਾਮਾਸ਼ਰਯ ਝਾ, ਪੰਨਾ 114)

ਇਸ ਪ੍ਰਕਾਰ ਰਾਗ ਸਾਰੰਗ ਅਤੇ ਬ੍ਰਿੰਦਾਵਨੀ ਸਾਰੰਗ ਇਕ ਹੀ ਰਾਗ ਦੇ ਦੋ ਨਾਮ ਹਨ। ਪਰ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ 'ਸਾਰੰਗ ਰਾਗ' ਹੀ ਲਿਖਿਆ ਗਿਆ ਹੈ। ਇਸ ਵਿਚ 6 ਗੁਰੂ ਸਾਹਿਬਾਨਾਂ, ਭਗਤ ਨਾਮਦੇਵ, ਭਗਤ ਕਬੀਰ, ਭਗਤ ਰਵੀਦਾਸ, ਭਗਤ ਪਰਮਾਨੰਦ ਜੀ ਦੀ ਬਾਣੀ ਅੰਕਿਤ ਹੈ। ਸਾਰੰਗ ਗੁਰੂ ਗ੍ਰੰਥ ਸਾਹਿਬ ਜੀ ਦਾ 26 ਵਾਂ ਰਾਗ ਹੈ।

ਸਾਰੰਗ ਦਾ ਇਤਿਹਾਸਕ ਵਿਵੇਚਨ ਕਰਨ ਤੋਂ ਪਹਿਲਾਂ ਸਾਰੰਗ ਸ਼ਬਦ ਦਾ ਸ਼ਾਬਦਿਕ ਅਰਥ ਸਮਝ ਲੈਣਾ ਚਾਹੀਦਾ ਹੈ। ਅਸਲ ਵਿਚ ਸਾਰੰਗ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਸਾਰੰਗ ਸ਼ਬਦ ਦੇ ਕਈ ਅਰਥ ਹਨ ਜਿਵੇਂ ਚਿਤਕਬਰਾ, ਹਿਰਨ, ਭਉਰਾ, ਮੋਰ, ਬੱਦਲ, ਬਾਲ, ਸੰਖ, ਸ਼ਿਵ ਦਾ ਨਾਮ, ਕਾਮਦੇਵ, ਕਮਾਨ, ਧਨੁਸ਼, ਕਪੂਰ, ਚੰਦਨ, ਸੋਨਾ, ਧਰਤੀ, ਰਾਤ, ਪ੍ਰਕਾਸ਼ ਆਦਿ ਦਾ ਉਲੇਖ ਅਲੱਗ-ਅਲੱਗ ਗ੍ਰੰਥਾਂ ਵਿਚ ਮਿਲਦਾ ਹੈ।

'ਸਾਰੰਗ' ਸ਼ਬਦ ਦਾ ਪ੍ਰਯੋਗ ਸ੍ਰੀਮਦ ਭਾਗਵਤਗੀਤਾ ਵਿਚ 'ਹਿਰਨ' (ਪਸ਼ੂ) ਦੇ ਸਮਾਨਾਰਥੀ ਰੂਪ ਵਿਚ ਹੋਇਆ ਹੈ।

**"नानु द्वेष्टिं कलिं सम्राट सारंग इव सारभुक्"** (ਸ੍ਰੀਮਦ ਭਾਗਵਤ ਗੀਤਾ, **ਮਹਾਂਪੁਰਾਣ ਵੇਦ ਵਿਆਸ,** 1-18-7)

'ਅਮਰਕੋਸ਼' ਵਿਚ ਸਾਰੰਗ ਸ਼ਬਦ ਦਾ ਪ੍ਰਯੋਗ 'ਚਾਤ੍ਰਕ' ਪੰਛੀ ਦੇ ਲਈ ਕੀਤਾ ਗਿਆ ਹੈ। (ਅਮਰਕੋਸ਼, 2-5-17)

ਪਰੰਤੂ ਸੰਗੀਤ ਵਿਚ ਸਾਰੰਗ ਦਾ ਅਰਥ ਰਾਗ ਵਿਸ਼ੇਸ਼ ਨਾਲ ਸੰਬੰਧਿਤ ਹੈ। ਭਾਰਤੀ ਸੰਗੀਤ ਵਿਚ ਸਾਰੰਗ ਸ਼ਬਦ ਦਾ ਰਾਗ ਦੇ ਰੂਪ ਵਿਚ ਉਲੇਖ ਸਭ ਤੋਂ ਪਹਿਲਾਂ ਨਾਰਦ ਜੀ ਦੀ ਰਚਨਾ 'ਸੰਗੀਤ ਮਕਰੰਦ' ਵਿਚ ਮਿਲਦਾ ਹੈ।

**रागरंग छायानटी रागः कोलाहलस्तथा।**
**सौराष्ट्री च वसन्तश्च शु) सारंग भैरवी।।6** (ਸੰਗੀਤ ਮਕਰੰਦ, ਨਾਰਦ, ਸਲੋਕ 55)

ਰਾਗ ਸਾਰੰਗ ਦੇ ਸਰੂਪ ਬਾਰੇ ਵਿਦਵਾਨਾਂ ਨੇ

ਆਪਣੇ-ਆਪਣੇ ਗ੍ਰੰਥ ਵਿਚ ਵੱਖ-ਵੱਖ ਮਤ ਦਿੱਤੇ ਹਨ।

'ਸਵਰ ਮੇਲ ਕਲਾਨਿਧੀ' ਦੱਖਣੀ ਭਾਰਤੀ ਸੰਗੀਤ ਦਾ ਪ੍ਰਮੁੱਖ ਗ੍ਰੰਥ ਹੈ, ਇਸ ਵਿਚ ਰਾਮਾਮਾਤਯ ਨੇ ਸਾਰੰਗ ਦੇ ਨਾਟ ਨਾਮਕ ਮੇਲ ਦਾ ਵਰਣਨ ਕੀਤਾ ਹੈ। ਇਸ ਦੇ ਸਵਰ ਹਿੰਦੁਸਤਾਨੀ ਸੰਗੀਤ ਪੱਧਤੀ ਦੇ ਅਨੁਸਾਰ ਇਸ ਪ੍ਰਕਾਰ ਹਨ: - ਸਾ ਰੇ ਗ ਮ ਪ ਧ ਨੀ ਸਾਂ। ਸਾਰੰਗ ਨਾਟ ਉੱਤਰ ਭਾਰਤੀ ਸੰਗੀਤ ਪੱਧਤੀ ਦੇ ਅਨੁਸਾਰ 'ਬਿਲਾਵਲ' ਥਾਟ ਦੇ ਸਮਾਨ ਹੈ। (ਹਿੰਦੁਸਤਾਨੀ ਸੰਗੀਤ ਵਿਚ ਸਾਰੰਗ, ਮਲਹਾਰ ਅਤੇ ਕਾਨੜਾ, ਡਾ. ਪ੍ਰੇਮ ਲਤਾ ਨਾਹਰ, ਪੰਨਾ 18)

ਪੰਡਿਤ ਸੋਮਨਾਥ ਨੇ 'ਰਾਗ ਵਿਬੋਧ' ਵਿਚ 23 ਮੇਲ ਮੰਨੇ ਹਨ ਅਤੇ ਸਾਰੰਗ ਮੇਲ ਤੋਂ ਸਾਰੰਗ ਨੂੰ ਜਨਯ ਰਾਗ ਮੰਨਿਆ ਹੈ। ਇਸ ਦੇ ਸਵਰ ਉਤਰ ਭਾਰਤੀ ਸੰਗੀਤ ਪੱਧਤੀ ਦੇ ਅਨੁਸਾਰ ਹਨ: - ਸਾ ਰੇ ਮ ਮੇ ਪ ਨ਼ੀ ਨੀ ਸਾਂ। (ਗੁਰਮਤਿ ਸੰਗੀਤ ਦਰਪਣ ਭਾਗ-2 ਪ੍ਰੋ. ਕਰਤਾਰ ਸਿੰਘ, ਪੰਨਾ 285)

ਇਸੇ ਤਰ੍ਹਾਂ ਸ੍ਰੀ ਕੰਠ ਨੇ 'ਰਸ ਕੌਮੁਦੀ' ਵਿਚ ਸਾਰੰਗ ਦਾ ਮੇਲ ਅਤੇ ਰਾਗ ਦੋਨਾਂ ਰੂਪਾਂ ਨਾਲ ਵਰਨਣ ਕੀਤਾ ਹੈ। ਇਸ ਵਿਚ ਲੱਗਣ ਵਾਲੇ ਸਵਰ ਆਧੁਨਿਕ ਪ੍ਰਚਲਿਤ ਸਵਰ ਪੱਧਤੀ ਦੇ ਅਨੁਸਾਰ ਇਸ ਪ੍ਰਕਾਰ ਹਨ: - ਸਾ ਰੇ ਮ ਮੇ ਪ ਨ਼ੀ ਨੀ ਸਾਂ

**''विशुद्धौषड्वगान्धारौ तथा मधयपंचमौ।।**
**पताद्यौ च समो यन्त्र निषाद: कैशिकी पुन:।**
**सारंगरागमेले*स्मिन् सारंग: प्रमुखौ भवेत्।**

(ਰਸ ਕੌਮੁਦੀ, ਸ੍ਰੀ ਕੰਠ, ਸਲੋਕ 167)

ਪੁੰਡਰੀਕ ਵਿੱਠਲ, ਜਿਨ੍ਹਾਂ ਨੂੰ ਦੋਨਾਂ ਪੱਧਤੀਆਂ ਦਾ ਵਿਦਵਾਨ ਮੰਨਿਆ ਜਾਂਦਾ ਹੈ, ਨੇ ਤਿੰਨ ਗ੍ਰੰਥਾਂ ਸਦਰਾਗ ਚੰਦ੍ਰੋਦਯ, ਰਾਗਮਾਲਾ, ਰਾਗਮੰਜਰੀ ਗ੍ਰੰਥਾਂ ਦੀ ਰਚਨਾ ਕੀਤੀ। ਭਾਵੇਂ ਸਾਰੰਗ ਦਾ ਰਾਗ ਦੇ ਰੂਪ ਵਿਚ ਉਲੇਖ ਸੱਭ ਤੋਂ ਪਹਿਲਾਂ ਨਾਰਦ ਦੀ ਰਚਨਾ 'ਸੰਗੀਤ ਮਕਰੰਦ' ਵਿਚ ਹੁੰਦਾ ਹੈ ਪਰ ਇਸ ਗ੍ਰੰਥ ਵਿਚੋਂ ਰਾਗ ਰੂਪ ਦੇ ਵਿਸ਼ੇ ਵਿਚ ਕੁਝ ਪਤਾ ਨਹੀਂ ਲੱਗਦਾ। ਇਸ ਲਈ 'ਸਦਰਾਗ ਚੰਦ੍ਰੋਦਯ' ਵਿਚ ਵਰਣਿਤ ਸਾਰੰਗ ਨੂੰ ਆਧਾਰ ਰੂਪ ਵਿਚ ਮੰਨਿਆ ਜਾ ਸਕਦਾ ਹੈ। ਇਸ ਵਿਚ ਪੁੰਡਰੀਕ ਵਿੱਠਲ ਨੇ ਸਾਰੰਗ ਨੂੰ ਮੇਲ ਮੰਨ ਕੇ ਇਸ ਦੇ ਅੰਤਰਗਤ ਸਾਰੰਗ ਰਾਗ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ: -

**शुद्धौ सगौ उधयमपंचमौ च लधवादिकौ षड़जकपंचमौ चेत्।।**
**नि: कौशिकी चापि यदा तदा सयात्सारंगकस्याभिहित: समेल:।।**
**सारंगकाद्या जनिता भवेयुरनेन सारेगकमेलकेन ।।**
**सांशग्रह: सांतयुतश्च पूर्ण: सारंगंक: स्यादपरा हणशेभी।।**

(ਸਦਰਾਗ ਚੰਦ੍ਰਦੋਯ, ਪੁੰਡਰੀਕ ਵਿੱਠਲ, ਪੰਨਾ 22)

ਪੁੰਡਰੀਕ ਵਿੱਠਲ ਨੇ ਸਾਰੰਗ ਰਾਗ ਵਿਚ ਲੱਗਣ ਵਾਲੇ ਸਵਰ ਉਹੀ ਦੱਸੇ ਹਨ, ਜੋ ਉਤਰ ਭਾਤਰੀ ਸੰਗੀਤ ਪੱਧਤੀ ਦੇ ਅਨੁਸਾਰ ਇਸ ਪ੍ਰਕਾਰ ਹਨ: - (ਗਾਇਕਵਾੜ ਓਰੀਐਂਟਲ ਸੀਰੀਜ਼ ਨੰ: CXXVI)

ਸਾ ਰੇ ਮ ਮੇ ਪ ਨ਼ੀ ਨੀ ਸਾਂ

17ਵੀਂ ਸਦੀ ਦੇ ਪੂਰਵਾਰਧ ਵਿਚ ਪੰਡਿਤ ਆਹੋਬਲ ਦੇ ਗ੍ਰੰਥ 'ਸੰਗੀਤ ਪਾਰੀਜਾਤ' ਵਿਚ ਸਾਰੰਗ ਦਾ ਉਲੇਖ ਮਿਲਦਾ ਹੈ।। ਇਸ ਵਿਚ ਲੱਗਣ ਵਾਲੇ ਸਵਰ ਇਸ ਪ੍ਰਕਾਰ ਹੈ: -

ਸ ਰੇ ਮ ਪ ਨ਼ੀ ਨੀ ਸਾਂ

**अति तीव्रतमो ग: स्यान्मस्तु तीव्रतरो मत: ।**
**धास्तु तीव्रतरो नि: स्यातीव्र: षडजादिम्र्छने।।**
**स.न्यासे मधयमांशे च रागे सारंग संज्ञकं।। 402।।**(ਸੰਗੀਤ ਪਾਰੀਜਾਤ, ਪੰ. ਆਹੋਬਲ, ਪੰਨਾ 35)

1625 ਈ. ਵਿਚ ਦਮੋਦਰ ਮਿਸ਼ਰ ਨੇ 'ਸੰਗੀਤ ਦਰਪਣ' ਵਿਚ ਸਾਰੰਗ ਦੇ ਸਵਰ ਦੱਸੇ ਹਨ: -

ਸਾ ਰੇ ਗ ਮ ਪ ਧ ਨੀ ਸਾਂ

ਜੋ ਆਧੁਨਿਕ ਪ੍ਰਚਲਿਤ ਹਿੰਦੁਸਤਾਨੀ ਸੰਗੀਤ ਪੱਧਤੀ ਵਿਚ 'ਬਿਲਾਵਲ' ਥਾਟ ਦੇ ਹਨ।" (ਹਿੰਦੁਸਤਾਨੀ ਸੰਗੀਤ ਵਿਚ ਸਾਰੰਗ, ਮਲਹਾਰ ਅਤੇ ਕਾਨੜਾ ਡਾ. ਪ੍ਰੇਮ ਲਤਾ ਨਾਹਰ, ਪੰਨਾ 20)

17ਵੀਂ ਸਦੀ ਦੇ ਉਤਰਾਰਧ ਵਿਚ ਪੰ: ਸ੍ਰੀ ਨਿਵਾਸ ਦੀ ਰਚਨਾ 'ਰਾਗ ਤੱਤਵ ਵਿਬੋਧ' ਵਿਚ ਸਾਰੰਗ ਦਾ ਵਿਵਰਣ ਪੰ: ਆਹੋਬਲ ਦੇ ਅਨੁਸਾਰ ਹੀ ਮਿਲਦਾ ਹੈ।

ਪੰਡਿਤ ਲੋਚਨ ਨੇ 'ਰਾਗ ਤਰੰਗਣੀ' ਵਿਚ 12 ਥਾਟ ਮੰਨੇ ਹਨ। ਉਹਨਾਂ ਦੇ ਕਥਨ ਅਨੁਸਾਰ "ਜਦੋਂ ਏਮਨ ਠਾਠ ਵਿਚ 'ਗ' ਮਧਿਅਮ ਦੇ ਸਮਾਨ ਹੋ ਜਾਵੇ ਅਤੇ ਧੈਵਤ ਨਿਸ਼ਾਦ ਦਾ ਸਥਾਨ ਲੈ ਲਵੇ ਤਾਂ ਸਾਰੰਗ ਠਾਠ ਬਣ ਜਾਵੇਗਾ ਤੇ ਸਾਰੰਗ ਠਾਠ ਤੋਂ ਸਾਰੰਗ ਜਨਯ ਰਾਗ ਮੰਨਿਆ ਹੈ।" (ਗੁਰਮਤਿ ਸੰਗੀਤ ਦਰਪਣ ਭਾਗ-2, ਪ੍ਰੋ: ਕਰਤਾਰ ਸਿੰਘ, ਪੰਨਾ 285)

ਅੱਪਾ ਤੁਲਸੀ ਦੀ ਰਚਨਾ 'ਰਾਗ ਚੰਦਰਿਕਾ ਸਾਰ' ਵਿਚ ਸਾਰੰਗ ਦਾ ਉਲੇਖ ਹੇਠ ਲਿਖੇ ਢੰਗ ਨਾਲ ਕੀਤਾ ਹੈ: -

**ह्कोमलानि तीखेहि रिप जहाँ बरजे गन्धाारख्**
**परिसंवादी वादिते सारंग कर निर्धाारि।।**

(ਰਾਗ ਚੰਦਰਿਕਾ ਸਾਰ, ਅੱਪਾ ਤੁਲਸੀ, ਪੰਨਾ 7)

ਪੰਡਿਤ ਭਾਤਖੰਡੇ ਜੀ ਦੁਆਰਾ ਲਿਖਤ 'ਸ੍ਰੀ ਮਲਯਕਸ਼ ਸੰਗੀਤਮ' ਵਿਚ ਸਾਰੰਗ ਦਾ ਵਰਣਨ ਕਰਦਿਆਂ ਕਿਹਾ ਹੈ ਕਿ ਇਸ ਦਾ ਥਾਟ ਕਾਫ਼ੀ ਹੈ। ਆਰੋਹ-ਅਵਰੋਹ ਵਿਚ ਗ-ਧ ਵਰਜਿਤ ਹੈ। ਇਸ ਦਾ ਵਾਦੀ-ਸੰਵਾਦੀ ਰੇ-ਪ ਹੈ। ਇਸ ਵਿਚ ਦੋਨੋਂ ਨੀਸ਼ਾਦ ਦਾ ਪ੍ਰਯੋਗ ਹੁੰਦਾ ਹੈ।

**काफी मेलसमुत्पन्ना वृंदावनी मता जने।**
**आरोहे चावरोहऽपि धागोना बहुसंमता।।**
**ऋषभ: कीर्तितो वादी पंचमो मंत्रिुल्यक:।**
**निषादौ द्धौ मतावत्र रागनामप्रसूचकौ ।।**

(ਸ੍ਰੀ ਮਲਯਕਸ਼ ਸੰਗੀਤਮ, ਪੰ: ਭਾਤਖੰਡੇ, ਪੰਨਾ 150)

"ਰਾਗ ਸਾਰੰਗ ਦੇ ਸਰੂਪ ਬਾਰੇ 1918 ਈ. ਵਿਚ 'ਦਿੱਲੀ ਸੰਗੀਤ ਪਰੀਸ਼ਦ' ਵਲੋਂ ਇਕ ਮਿਊਜ਼ਿਕ ਕਾਨਫਰੰਸ ਹੋਈ। ਜਿਸ ਵਿਚ ਇਸ ਰਾਗ ਦੇ ਸਰੂਪ ਬਾਰੇ ਵਿਦਵਾਨਾਂ ਦੇ ਤਿੰਨ ਵੱਖ-ਵੱਖ ਮਤ ਹਨ। ਪਹਿਲੇ ਮਤ ਅਨੁਸਾਰ ਰਾਗ ਸਾਰੰਗ ਵਿਚ ਗ-ਧ ਵਰਜਿਤ ਕਰਕੇ ਆਰੋਹ ਵਿਚ ਨੀਸ਼ਾਦ ਸ਼ੁੱਧ ਅਤੇ ਅਵਰੋਹ ਵਿਚ ਕੋਮਲ ਨੀਸ਼ਾਦ ਦਾ ਪ੍ਰਯੋਗ ਕੀਤਾ ਜਾਵੇ। ਭਾਵ ਔਡਵ-ਔਡਵ ਜਾਤੀ ਦਾ ਰਾਗ ਮੰਨਿਆ ਜਾਵੇ, ਜੋ ਅੱਜ ਪਰਚਲਿਤ ਹੈ। ਦੂਜੇ ਮਤ ਅਨੁਸਾਰ ਰਾਗ ਦਾ ਸਰੂਪ ਤਾਂ ਇਹੀ ਮੰਨ ਲਿਆ ਜਾਵੇ ਪਰ ਅਵਰੋਹ ਵਿਚ ਨਿਸ਼ਾਦ ਕੋਮਲ ਦੇ ਨਾਲ ਕਿਤੇ-ਕਿਤੇ ਸ਼ੁੱਧ ਧੈਵਤ ਦਾ ਵੀ ਪ੍ਰਯੋਗ ਕਰ ਲਿਆ ਜਾਵੇ। ਤੀਜੇ ਮਤ ਦੇ ਵਿਦਵਾਨਾਂ ਅਨੁਸਾਰ ਆਰੋਹ ਅਵਰੋਹ ਵਿਚ ਗ-ਧ ਵਰਜਿਤ ਕੀਤਾ ਜਾਏ ਪਰ ਨੀਸ਼ਾਦ ਸ਼ੁੱਧ ਦਾ ਹੀ ਪ੍ਰਯੋਗ ਆਰੋਹ-ਅਵਰੋਹ ਵਿਚ ਕੀਤਾ ਜਾਏ।" (ਗੁਰਮਤਿ ਸੰਗੀਤ ਦਰਪਣ, ਭਾਗ-2, ਪ੍ਰੋ: ਕਰਤਾਰ ਸਿੰਘ, ਪੰਨਾ 286)

"ਰਾਗ-ਰਾਗਿਨੀ ਵਰਗੀਕਰਨ ਦੇ ਅੰਤਰਗਤ ਵਿਦਵਾਨਾਂ ਨੇ ਸਾਰੰਗ ਨੂੰ ਵੱਖ-ਵੱਖ ਵਰਗਾਂ ਵਿਚ ਰੱਖਿਆ ਹੈ। 'ਰਾਗਮਾਲਾ' ਗ੍ਰੰਥ ਵਿਚ ਪੁੰਡਰੀਕ ਵਿੱਠਲ ਨੇ ਰਾਗ-ਰਾਗਿਨੀ ਵਰਗੀਕਰਨ ਸਿਧਾਂਤ ਨੂੰ ਮੰਨਦਿਆਂ ਪੁਰਸ਼ ਰਾਗ ਦੇਸ਼ਕਾਰ ਦਾ ਤੀਸਰਾ ਪੁੱਤਰ ਸਾਰੰਗ ਰਾਗ ਨੂੰ ਮੰਨਿਆ ਹੈ। ਇਹਨਾਂ ਨੇ 'ਰਾਗਮੰਜਰੀ' ਵਿਚ 20 ਮੇਲ ਮੰਨੇ ਹਨ ਤੇ ਸਾਰੰਗ ਮੇਲ ਤੋਂ ਸਾਰੰਗ ਨੂੰ ਜਨਯ ਰਾਗ ਮੰਨਿਆ ਹੈ।" (ਗੁਰਮਤਿ ਸੰਗੀਤ ਦਰਪਣ, ਭਾਗ-2, ਪ੍ਰੋ: ਕਰਤਾਰ ਸਿੰਘ, ਪੰਨਾ 285)

"ਦਮੋਦਰ ਮਿਸ਼ਰ ਨੇ 'ਸੰਗੀਤ ਦਰਪਣ' ਵਿਚ ਸਾਰੰਗੀ ਜਾਂ ਸਾਰੰਗ ਨੱਟ ਨੂੰ ਰਾਗਿਨੀ ਮੰਨਿਆ ਹੈ।" (ਹਿੰਦੁਸਤਾਨੀ "ਸੰਗੀਤ ਵਿਚ ਸਾਰੰਗ ਮਲਹਾਰ ਅਤੇ ਕਾਨੜ੍ਹਾ" ਡਾ. ਪ੍ਰੇਮ ਲਤਾ ਨਾਹਰ, ਪੰਨਾ 20)

ਪੰਡਿਤ ਭਾਵ ਭੱਟ ਨੇ 'ਅਨੂਪ ਸੰਗੀਤ ਰਤਨਾਕਰ' ਵਿਚ ਸਾਰੰਗ ਮੇਲ ਅਤੇ ਰਾਗ ਦਾ ਵਰਣਨ ਕੀਤਾ ਹੈ।

**तृतीयगतिमनिधाा द्वितीयगतिकोऽपि रि:।**
**तुरीयगतिमनिधाा गन्च मेल: सारंगरागज: ।।**
**मेलादतोऽपि सारंग प्रमुखाद्या भवंति च ।।**

(ਅਨੂਪ ਸੰਗੀਤ ਰਤਨਾਕਰ, ਪੰ: ਭਾਵ ਭੱਟ, ਪੰਨਾ 35)

1895 ਈ. ਵਿਚ ਗੋ. ਪੰਨਾ ਲਾਲ ਰਚਿਤ 'ਨਾਦ ਵਿਨੋਦ' ਵਿਚ ਸਾਰੰਗ ਨੂੰ ਮੇਘ ਦੀ ਰਾਗਿਨੀ ਮੰਨਿਆ ਹੈ। (ਹਿੰਦੁਸਤਾਨੀ "ਸੰਗੀਤ ਵਿਚ ਸਾਰੰਗ ਮਲਹਾਰ ਅਤੇ ਕਾਨੜਾ" ਡਾ. ਪ੍ਰੇਮ ਲਤਾ ਨਾਹਰ , ਪੰਨਾ 20)

ਗੁਰੂ ਗ੍ਰੰਥ ਸਾਹਿਬ ਵਿਚ ਦਰਜ 'ਰਾਗਮਾਲਾ' ਦੇ ਅੰਤਰਗਤ ਸਾਰੰਗ ਨੂੰ ਸਿਰੀ ਰਾਗ ਦਾ ਪੁੱਤਰ ਮੰਨਿਆ ਹੈ।

ਸਾਲੂ ਸਾਰੰਗ ਸਾਗਰਾ ਅਉਰ ਗੋਂਡ ਗੰਭੀਰ ॥

(ਆਦਿ ਗ੍ਰੰਥ, ਪੰਨਾ 1429-1430)

ਸਾਰੰਗ ਰਾਗ ਦਾ ਗਾਇਨ ਸਮਾਂ ਵਿਦਵਾਨਾਂ ਨੇ ਦੁਪਹਿਰ ਦਾ ਹੀ ਮੰਨਿਆ ਹੈ। ਸ੍ਰੀ ਕੰਠ ਜੀ 'ਰਸ ਕੌਮੁਦੀ' ਵਿਚ ਲਿਖਦੇ ਹਨ: -

**सारंगो गीथते पूर्ण: षड्जत्र्यविराजित:।**
**मधयाह्नकालत: पंचाद गीतज्ञैश्चित्तरंजक:।**

(ਰਸ ਕੌਮਦੀ, ਸ੍ਰੀ ਕੰਠ, ਸਲੋਕ 168)

ਪੰਡਿਤ ਭਾਵ ਭੱਟ ਨੇ 'ਅਨੂਪ ਸੰਗੀਤ ਰਤਨਾਕਰ' ਵਿਚ ਸਾਰੰਗ ਨੂੰ ਦੁਪਹਿਰ ਦੇ ਸਮੇਂ ਗਾਇਆ ਜਾਣ ਵਾਲਾ ਮੰਨਿਆ ਹੈ।

**सन्नि: सारंग: सम्पूर्ण: सदा गेय: पराह्नत:।।**

(ਅਨੂਪ ਸੰਗੀਤ ਰਤਨਾਕਰ, ਪੰ: ਭਾਵ ਭੱਟ, ਪੰਨਾ 35)

ਪੰਡਿਤ ਭਾਤਖੰਡੇ ਜੀ ਨੇ ਵੀ 'ਸ੍ਰੀ ਮਲਯਕਸ਼ ਸੰਗੀਤਮ' ਵਿਚ ਸਾਰੰਗ ਦਾ ਗਾਇਨ ਸਮਾਂ ਦੁਪਹਿਰ ਦਾ ਹੀ ਮੰਨਿਆ ਹੈ।

**गानं तस्या: समादिष्ट मधयाह्ने लक्षवर्त्मनि।।**

(ਸ੍ਰੀ ਮਲਯਕਸ਼ ਸੰਗੀਤਮ, ਪੰ: ਵਿਸ਼ਨੂੰ ਨਾਰਾਇਣ ਭਾਤਖੰਡੇ, ਪੰਨਾ 150)

ਭਾਰਤੀ ਸੰਗੀਤ ਦੇ ਇਸ ਪੁਰਾਤਨ ਰਾਗ ਵਿਚੋਂ ਹੀ ਹੋਰ ਰਾਗਾਂ ਦੀ ਉਤਪਤੀ ਹੋਈ। ਜਿਵੇਂ: - ਸ਼ੁੱਧ ਸਾਰੰਗ, ਮਦਮਾਧ ਸਾਰੰਗ, ਵਡਹੰਸ ਸਾਰੰਗ, ਸਾਮੰਤ ਸਾਰੰਗ, ਮੀਆਂ ਕੀ ਸਾਰੰਗ, ਲੰਕਦਹਨ ਸਾਰੰਗ ਆਦਿ।

ਸਮੇਂ ਦੇ ਨਾਲ-ਨਾਲ ਰਾਗਾਂ ਦੇ ਰੂਪ ਵਿਚ ਵੀ ਪਰਿਵਰਤਨ ਹੁੰਦਾ ਰਹਿੰਦਾ ਹੈ। ਸਾਰੰਗ ਦੇ ਬਾਰੇ ਵੀ ਵਿਦਵਾਨਾਂ ਨੇ ਕਈ ਮਤ ਪੇਸ਼ ਕੀਤੇ ਹਨ। ਪਰ ਆਧੁਨਿਕ ਸਮੇਂ ਵਿਚ ਜੇ ਗੱਲ ਕਰੀਏ ਤਾਂ ਸਾਰੰਗ ਦਾ ਜਿਹੜਾ ਰੂਪ ਅੱਜ ਪ੍ਰਚਾਰ ਵਿਚ ਹੈ ਉਹੀ ਵਧੇਰੇ ਉਚਿਤ ਹੈ। ਰਾਗ ਸਾਰੰਗ/ਬ੍ਰਿੰਦਾਵਨੀ ਸਾਰੰਗ ਦਾ ਅੱਜ ਜੋ ਪ੍ਰਚਲਿਤ ਸਰੂਪ ਹੈ ਉਹ ਗ-ਧ ਵਰਜਿਤ ਕਰਕੇ ਆਰੋਹ ਵਿਚ ਸ਼ੁੱਧ ਨੀ ਅਤੇ ਅਵਰੋਹ ਵਿਚ ਕੋਮਲ ਨੀਸ਼ਾਦ ਵਾਲਾ ਹੈ। ਇਸ ਸਰੂਪ ਨਾਲ ਤਕਰੀਬਨ ਸਾਰੇ ਹੀ ਵਿਦਵਾਨ ਸਹਿਮਤ ਹਨ।

ਰਾਗਾਂਗ ਪੱਧਤੀ ਦੇ ਆਧਾਰ ਤੇ ਸਾਰੰਗ ਇਕ ਪ੍ਰਮੁੱਖ ਰਾਗ ਹੈ।

ਸਾਰੰਗ ਰਾਗ ਦੇ ਰਾਗਾਂਗ ਵਾਚਕ ਸਵਰ ਸਮੂਹ ਬਹੁਤ ਮਹੱਤਵਪੂਰਨ ਹਨ: - ਨੀ ਸਾ ਰੇ ਮ ਪ ਮ ਰੇ, ਜਾਂ ਰੇ ਮ ਪ ਮ ਰੇ। ਸਾਰੰਗ ਨੂੰ ਕਾਫ਼ੀ ਥਾਟ ਦਾ ਰਾਗ ਮੰਨਿਆ ਜਾਂਦਾ ਹੈ। ਥਾਟ ਨਿਰਧਾਰਤਿ ਕਰਨ ਲਈ ਨਿਆਸ ਸਥਾਨ ਅਤੇ ਰਾਗਾਂਗ ਨੂੰ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ।

**ਰਾਗ ਸਾਰੰਗ**

ਥਾਟ-ਕਾਫੀ, ਵਾਦੀ-ਰੇ, ਸੰਵਾਦੀ-ਪ, ਵਰਜਿਤ ਸਵਰ-ਗ,ਧ, ਸਵਰ-ਦੋਵੇਂ ਨਿ, ਬਾਕੀ ਸ਼ਵਰ ਸ਼ੁੱਧ, ਜਾਤੀ ਔੜਵ-ਔੜਵ, ਸਮਾਂ-ਦਿਨ ਦਾ ਤੀਜਾ ਪਹਿਰ,

ਆਰੋਹ-ਸ, ਨ਼ੀ ਸ, ਰੇ ਮ ਪ, ਨੀ ਸੰ।

ਅਵਰੋਹ-ਸੰ ਨੀ਼ ਪ, ਮ ਰੇ, ਸ

ਪਕੜ- ਨ਼ੀ ਸ ਰੇ, ਮ ਰੇ, ਪ ਮ ਰੇ, ਨ਼ੀ ਸ **(1)**

**ਰਾਗ ਸਾਰੰਗ ਮਹਲਾ ੪ ॥**

**(2) ਰਾਗ ਸਾਰੰਗ ਤੀਨ ਤਾਲ ਮਾਤਰਾ-16 ਮੱਧ ਲੈਅ**

## (1) ਰਾਗ ਸਾਰੰਗ ਮਹਲਾ ੪॥

## (2) ਰਾਗ ਸਾਰੰਗ ਤੀਨ ਤਾਲ ਮਾਤਰਾ-16 ਮੱਧ ਲੈਅ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸਥਾਈ | | | ਪਮ | ਪਨ਼ੀ | ਪਮ | ਰੇਮ | ਰੇ | - | ਨ਼ੀਪ | ਮ | ਰੇ | ਰੇ | - | ਸ | ਨੀ |
| | | | ਗੋਂS | SS | SS | ਬਿੰS | ਦ | S | ਚਰ | ਨ | ਨ | ਕ | ਉ | ਬ | ਲਿ |
| ਸਰੇ | - | ਰੇ | - | ਰੇਮ | ਰੇਪ | ਪਮ | ਰੇ | - | ਰੇਮ | ਪ | ਨ਼ੀ | ਪ | ਮ | ਰੇ | ਸਨ਼ਿ |
| ਹਾS | S | ਰੀ | S | SS | SS | SS | S | S | ਚਰ | ਨ | ਨ | ਕ | ਉ | ਬ | ਲਿS |
| ਸਰੇ | - | ਸ | - | ਸ | - | ਸ | - | ਸ | ਨ਼ੀਸ | ਰੇ | ਸ | ਰੇ | ਮ | ਰੇ | ਸ |
| ਹਾS | S | ਰੀ | S | S | S | S | S | S | ਭਵ | ਜ | ਲ | ਜ | ਗ | ਤ | ਨਾ |
| ਨ਼ੀ | ਸ | ਨ਼ੀਸ | ਰੇਸ | ਨ਼ੀ | ਪ਼ | ਨ਼ੀ | ਸ | ਪ- | ਪਪ | ਪਪ | ਪਪ | ਪ | ਨ਼ੀ | ਪ | ਮ |
| ਜਾ | S | ਈS | SS | ਤ | ਰ | ਣਾ | S | ਜS | ਪS | ਹਰਿ | ਹਰਿ | ਪਾ | S | ਰ | ਉ |
| ਪਨੀ | ਸੰਰੇਂ | ਸੰਨ਼ੀ | | | | | | | | | | | | | |
| ਤਾS | SS | ਰੀS | | | | | | | | | | | | | |
| X | | | | 2 | | | | 0 | | | | ੩ | | | |

ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | - | ਮਮ | ਪ | ਪ | ਨ਼ੀ | ਪ | ਨੀ | - |
| | | | | | | | | S | ਹਿਰ | ਦੇ | ਪ੍ਰ | ਤੀ | S | ਤ | 5 |
| ਸੰ | ਸੰ | ਸੰ | ਸੰ | ਰੇਂ | ਨੀ | ਸੰ | ਸੰ | - | ਨੀਸੰ | ਰੇਂ | ਮੰ | ਰੇਂ | ਰੇਂ | ਸੰ | ਸੰ |
| ਬ | ਨੀ | ਪ੍ਰ | ਭ | ਕੇ | S | ਰੀ | S | S | ਸੇS | S | ਵਾ | ਸੁ | ਰ | ਤ | ਬੀ |
| ਨੀ | ਸੰ | ਨੀਸੰ | ਰੇਂਸੰ | ਨ਼ੀ | - | ਪ | - | - | ਪਪ | ਪ | ਪ | ਪ | ਨ਼ੀ | ਪ | ਮ |
